## ਅਧਿਆਇ 8

# ਗਿਆਨ ਅਤੇ ਮੂਰਤੀਆਂ ਨੂੰ ਭੇਟਾਂ ਕੀਤਾ ਗਿਆ ਮਾਸ

ਕੁਰਿੰਥੁਸ ਦੀ ਕਲੀਸਿਆ ਨੇ ਪੌਲੁਸ ਨੂੰ ਇੱਕ ਪੱਤਰ ਲਿਖਿਆ ਸੀ (7:1) ਜਿਸ ਵਿੱਚ ਨੈਤਿਕ ਮਸਲਿਆਂ ਅਤੇ ਵਿਆਹ ਬਾਰੇ ਇੱਕ ਜਾਂ ਫਿਰ ਕਈ ਪ੍ਰਸ਼ਨ ਸਨ। ਯਹੂਦੀ ਅਤੇ ਮਸੀਹੀ ਨੈਤਿਕਤਾ ਅਤੇ ਗ੍ਰੀਕੋ-ਰੋਮੀ ਪ੍ਰਥਾਵਾਂ ਵਿਚਲੇ ਵੱਡੇ ਅੰਤਰ ਨੂੰ ਵੇਖਦਿਆਂ ਇਸ ਵਿੱਚ ਕੋਈ ਹੈਰਾਨੀ ਨਹੀਂ ਹੁੰਦੀ ਕਿ ਕੁਰਿੰਥੁਸ ਦੀ ਕਲੀਸਿਆ ਸੰਘਰਸ਼ ਕਰ ਰਹੀ ਸੀ। ਮੂਰਤੀ ਪੂਜਕ ਪਿਛੋਕੜ ਤੋਂ ਆਏ ਇਨ੍ਹਾਂ ਵਿਸ਼ਵਾਸੀਆਂ ਨੂੰ ਵਿਆਹ, ਵਫ਼ਾਦਾਰੀ ਅਤੇ ਪਰਿਵਾਰਿਕ ਜੀਵਨ ਬਾਰੇ ਵਿਚਾਰਾਂ ਅਤੇ ਪ੍ਰਭਾਵਾਂ ਬਾਰੇ ਆਪਣੀ ਸੋਚ ਨੂੰ ਢਾਲਣ ਦੀ ਲੋੜ ਸੀ। ਮਸੀਹ ਵਿੱਚ ਨਿਹਚਾ ਤੋਬਾ ਦੀ ਮੰਗ ਕਰਦੀ ਸੀ, ਜਿਸ ਵਿੱਚ ਜੀਵਨ ਵਿੱਚ ਇੱਕ ਵੱਡਾ ਬਦਲਾਉ ਸ਼ਾਮਲ ਸੀ। ਗੈਰਮਸੀਹੀਆਂ ਦੀ ਅਨੈਤਿਕਤਾ ਉਨ੍ਹਾਂ ਦੇ ਆਪਣੇ ਲਈ ਵਿਨਾਸ਼ਕਾਰੀ ਅਤੇ ਪਰਮੇਸ਼ੁਰ ਲਈ ਸ਼ਰਮਨਾਕ ਸੀ। ਇਹ ਪੁਰਾਣੀਆਂ ਪ੍ਰਥਾਵਾਂ ਕਲੀਸਿਆ ਵਿਚਲੇ ਲੋਕਾਂ ਵਿੱਚ ਪਰਵਾਨਯੋਗ ਨਹੀਂ ਸਨ।

ਜੇਕਰ “ਦੇ ਵਿਖੇ” ਪੌਲੁਸ ਕੋਲ ਘੱਲੇ ਗਏ ਪ੍ਰਸ਼ਨਾਂ ਦੇ ਉੱਤਰ ਨੂੰ ਅਰੰਭ ਕਰਨ ਦਾ ਪੌਲੁਸ ਦਾ ਤਰੀਕਾ ਸੀ, ਤਾਂ ਫਿਰ ਕੁਰਿੰਥੁਸ ਦੀ ਕਲੀਸਿਆ ਨੇ ਅਨੈਤਿਕਤਾ ਦੇ ਨਾਲ-ਨਾਲ ਮੂਰਤੀ ਪੂਜਾ ਛੱਡਣ ਵਿੱਚ ਵੀ ਪੌਲੁਸ ਦੀ ਮਦਦ ਮੰਗੀ ਹੋਵੇਗੀ। 8:1 ਤੋਂ ਬਾਅਦ ਅਗਲਾ “ਦੇ ਵਿਖੇ” 12:1 ਵਿੱਚ ਦਿਖਾਈ ਦਿੰਦਾ ਹੈ। ਇਸ ਦਾ ਮੁੱਢਲਾ ਅਰਥ ਇਹ ਹੈ ਕਿ ਅਧਿਆਇ 8 ਤੋਂ ਲੈ ਕੇ 11 ਤੱਕ ਮੁੱਢਲੇ ਤੌਰ ’ਤੇ “ਮੂਰਤੀਆਂ ਦੀਆਂ ਭੇਟਾਂ” (8:1, 4, 10) ਨਾਲ ਸੰਬੰਧਤ ਹਨ, ਹਾਲਾਂਕਿ ਇਹ ਵੇਖਣਾ ਔਖਾ ਹੈ ਕਿ 11:2-34 ਇਸ ਸੰਦਰਭ ਵਿੱਚ ਕਿਵੇਂ ਢੁਕਵਾਂ ਬੈਠਦਾ ਹੈ।

ਪੁਰਾਤਨ ਸੰਸਾਰ ਵਿੱਚ ਧਰਮ ਜੀਵਨ ਦੇ ਹਰੇਕ ਖੇਤਰ ਨਾਲ ਜੁੜਿਆ ਹੋਇਆ ਸੀ। ਕਿਸੇ ਵਿਅਕਤੀ ਦਾ ਪੇਸ਼ਾ, ਪਰਿਵਾਰਿਕ ਜੀਵਨ, ਵਿਹਲਾ ਸਮਾਂ, ਸਮਾਜਕ ਜ਼ਿੰਮੇਵਾਰੀਆਂ, ਅਤੇ ਰਾਜਨੀਤੀ ਵਿੱਚ ਧਾਰਮਿਕ ਤੱਤ ਜ਼ਰੂਰ ਸ਼ਾਮਲ ਸਨ। ਜਦ ਕੋਈ ਮੂਰਤੀ ਪੂਜਕ ਮਸੀਹੀ ਬਣਦਾ ਸੀ, ਤਾਂ ਉਸ ਦੀ ਨਿਹਚਾ ਉਸ ਦੇ ਦਿਨ ਦੇ ਹਰੇਕ ਪਲ ਨੂੰ ਪ੍ਰਭਾਵਿਤ ਕਰਦੀ ਸੀ। ਉਦਾਹਰਣ ਵਜੋਂ, ਪ੍ਰੀਤੀ ਭੋਜ ਪੁਰਾਤਨ ਸਮਾਜਕ ਅਤੇ ਧਾਰਮਿਕ ਜੀਵਨ ਦਾ ਇੱਕ ਅਟੁੱਟ ਹਿੱਸਾ ਹੁੰਦਾ ਸੀ, ਜਿਵੇਂ ਕਿ ਅੱਜ ਵੀ ਇਹ ਵੇਖਿਆ ਜਾ ਸਕਦਾ ਹੈ। ਪਹਿਲੀ ਸਦੀ ਦੀ ਕਲੀਸਿਆ ਦੇ ਮੈਂਬਰਾਂ ਨੂੰ ਆਪਣੀਆਂ ਪੁਰਾਣੀਆਂ ਮੂਰਤੀ ਪੂਜਕ ਪ੍ਰਥਾਵਾਂ ਤੋਂ ਤੋਬਾ ਕਰਨੀ ਪੈਂਦੀ ਸੀ। ਕੁਰਿੰਥੁਸ ਦੇ ਵਿਸ਼ਵਾਸੀਆਂ ਨੂੰ ਮੂਰਤੀਆਂ ਅੱਗੇ ਭੇਟਾਂ ਕੀਤਾ ਗਿਆ ਭੋਜਨ

ਖਾਣ ਦਾ ਦਬਾਉ ਗੁਆਂਢੀਆਂ, ਮਿੱਤਰਾਂ ਅਤੇ ਪਰਿਵਾਰ ਵੱਲੋਂ ਜਬਰਦਸਤ ਤਰੀਕੇ ਨਾਲ ਅਤੇ ਲਗਾਤਾਰ ਆਉਂਦਾ ਹੋਵੇਗਾ।

ਅੱਜ ਜ਼ਿਆਦਾਤਰ ਲੋਕ ਉਸ ਵਿਵਾਦ ਨੂੰ ਸਮਝ ਨਹੀਂ ਸਕਦੇ ਜਿਹੜਾ ਅਰੰਭਕ ਮਸੀਹੀਆਂ ਦੇ ਸਾਹਮਣੇ ਆਇਆ ਸੀ ਕਿ ਉਨ੍ਹਾਂ ਨੂੰ ਮੂਰਤੀਆਂ ਅੱਗੇ ਭੇਟਾਂ ਕੀਤਾ ਗਿਆ ਭੋਜਨ ਖਾ ਲੈਣਾ ਚਾਹੀਦਾ ਹੈ ਕਿ ਜਾਂ ਨਹੀਂ। ਇਨ੍ਹਾਂ ਭਾਈਆਂ ਦੇ ਸਾਹਮਣੇ, ਜਿਨ੍ਹਾਂ ਨੇ ਮੂਰਤੀ ਪੂਜਾ ਦਾ ਜੀਵਨ ਅਜੇ ਤਿਆਗਿਆ ਹੀ ਸੀ, ਇਹ ਹਾਲਾਤ ਰੋਜ਼ਾਨਾ ਆਉਂਦੇ ਸਨ ਜਿਨ੍ਹਾਂ ਵਿੱਚ ਦੇਵਤਿਆਂ ਦੀ ਪੂਜਾ ਲਗਭਗ ਇੱਕ ਅਟੁੱਟ ਹਿੱਸਾ ਹੁੰਦੀ ਸੀ। ਹੇਠਾਂ ਚਾਰ ਦ੍ਰਿਸ਼ ਪੇਸ਼ ਕੀਤੇ ਗਏ ਹਨ ਤਾਂ ਜੋ ਆਧੁਨਿਕ ਪਾਠਕ ਪੌਲੁਸ ਦੇ ਸਮੇਂ ਦੇ ਕੁਰਿੰਥੁਸ ਦੇ ਸਭਿਆਚਾਰਕ ਅਤੇ ਧਾਰਮਿਕ ਹਾਲਾਤਾਂ ਦੀ ਝਲਕ ਪ੍ਰਾਪਤ ਕਰਕੇ ਪੌਲੁਸ ਦਿਆਂ ਸ਼ਬਦਾਂ ਨੂੰ ਚੰਗੀ ਤਰ੍ਹਾਂ ਸਮਝ ਸਕੇ।

*ਕਾਰੋਬਾਰੀ ਇਕੱਠ ਵੇਲੇ ਮਾਸ ਖਾਣਾ:* ਪਹਿਲਾਂ, ਅਸੀਂ ਕਿਸੇ ਕਾਰੀਗਰ ਦੀ, ਜਿਵੇਂ ਕਿ ਲੋਹਾਰ ਦੀ, ਕਲਪਨਾ ਕਰਦੇ ਹਾਂ। ਉਸ ਨੇ ਇਸ ਪੇਸ਼ੇ ਨੂੰ ਆਪਣੇ ਪਿਤਾ ਕੋਲੋਂ ਸਿੱਖਿਆ ਸੀ ਅਤੇ ਫਿਰ ਕੁਰਿੰਥੁਸ ਦੇ ਲੋਹਾਰਾਂ ਦੇ ਸਮੂਹ ਦਾ ਹਿੱਸਾ ਬਣ ਗਿਆ ਸੀ, ਜਿਸ ਨੂੰ ਲਾਤੀਨੀ-ਭਾਸ਼ੀ ਰੋਮੀ ਲੋਕ *ਕੋਲੇਜਿਅਮ* ਆਖਦੇ ਹੁੰਦੇ ਸਨ। ਉਹ ਅਤੇ ਹੋਰ ਲੋਹਾਰ ਸਮੇਂ-ਸਮੇਂ ’ਤੇ ਸੰਗਤੀ ਲਈ ਇਕੱਠੇ ਹੋਇਆ ਕਰਦੇ ਸਨ, ਕਿ ਬਜ਼ਾਰ ਦੀਆਂ ਖਬਰਾਂ ਜਾਂ ਕੱਚੇ ਮਾਲ ਦੀ ਸਪਲਾਈ ਬਾਰੇ ਗੱਲਬਾਤ ਕਰਨ, ਅਤੇ ਆਪਣੇ ਕਾਰੋਬਾਰ ਲਈ ਲਾਹੇਵੰਦ ਨੀਤੀਆਂ ਬਣਾਉਣ ਲਈ ਹਰੇਕ ਸਰਕਾਰੀ ਵਿਭਾਗ ਲਈ ਕੁਝ ਯੋਜਨਾਵਾਂ ਬਣਾਉਣ।

ਇਸ ਸਮੂਹ ਦੀ ਸੰਗਤੀ ਦਾ ਥਾਂ ਧਾਤੂ ਦੇ ਪੇਸ਼ੇ ਦੇ ਦੇਵਤਾ ਦੇ ਮੰਦਰ ਵਿੱਚ ਇੱਕ ਭੋਜਨ ਦਾ ਕਮਰਾ ਹੋਇਆ ਕਰਦਾ ਸੀ। ਯੂਨਾਨੀਆਂ ਲਈ ਉਸ ਦੇਵਤਾ ਦਾ ਨਾਮ “ਹੇਫਾਇਸਟੁਸ” ਸੀ, ਪਰ ਰੋਮੀ ਲੋਕ ਉਸ ਨੂੰ “ਵਲਕਨ” ਆਖਦੇ ਹੁੰਦੇ ਸਨ। ਉਨ੍ਹਾਂ ਦੀ ਸਭਾ ਤੋਂ ਪਹਿਲਾਂ ਦੇਵਤੇ ਨੂੰ ਬੱਕਰੇ ਜਾਂ ਸੂਰ ਦੀ ਬਲੀ ਦਿੱਤੀ ਜਾਂਦੀ ਸੀ। ਉਸ ਦੀ ਚਰਬੀ ਨੂੰ ਜਗਵੇਦੀ ਉੱਤੇ ਅਗਨ-ਭੇਟ ਕੀਤਾ ਜਾਂਦਾ ਸੀ, ਅਤੇ ਉਸ ਦਾ ਮਾਸ ਸਭਾ ਵਿੱਚ ਆਏ ਲੋਕਾਂ ਨੂੰ ਖਾਣ ਲਈ ਦਿੱਤਾ ਜਾਂਦਾ ਸੀ। ਸਭਾ ਦਾ ਅਰੰਭ ਕੁਝ ਰਸਮਾਂ ਨਾਲ ਕੀਤਾ ਜਾਂਦਾ ਸੀ ਤਾਂ ਜੋ ਦੇਵਤੇ ਦੀ ਕਿਰਪਾ-ਦ੍ਰਿਸ਼ਟੀ ਪ੍ਰਾਪਤ ਕੀਤੀ ਜਾ ਸਕੇ। ਇਹ ਲੋਹਾਰ ਸ਼ਾਇਦ ਦੇਵਤੇ ਉੱਤੇ ਬਹੁਤਾ ਧਿਆਨ ਨਹੀਂ ਦਿੰਦਾ ਸੀ, ਪਰ ਉਸ ਨੂੰ ਇਹ ਚਿੰਤਾ ਜ਼ਰੂਰ ਹੁੰਦੀ ਸੀ ਕਿ ਉਸ ਦੀ ਰੋਜ਼ਾਨਾ ਦੀ ਕਮਾਈ ਵਿੱਚ ਉਸ ਨੂੰ ਦੈਵੀ ਮਦਦ ਮਿਲਦੀ ਰਹੇ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਸ ਸਮੂਹ ਦੀ ਸਾਮੂਹਿਕ ਅਵਾਜ਼ ਦੇ ਕਾਰਨ ਉਸ ਦੇ ਪੇਸ਼ੇ ਨੂੰ ਕਿੰਨਾ ਲਾਭ ਪੁੱਜਿਆ ਸੀ। ਹੁਣ ਹਾਲ ਹੀ ਵਿੱਚ ਉਹ ਮਸੀਹੀ ਬਣ ਗਿਆ ਸੀ। ਅਜੇ ਉਹ ਵਿਚਾਰ ਕਰ ਹੀ ਰਿਹਾ ਹੈ ਕਿ ਉਸ ਦੀ ਇਸ ਨਵੀਂ ਨਿਹਚਾ ਦਾ ਸਮੂਹ ਵਿੱਚ ਉਸ ਦੀ ਮੈਂਬਰਸ਼ਿਪ ਉੱਤੇ ਕੀ ਪ੍ਰਭਾਵ ਪਵੇਗਾ। ਪ੍ਰਸ਼ਨ ਉੱਠ ਰਹੇ ਸਨ, ਕਿਉਂਕਿ ਜਿਸ ਸਮੂਹ ਦਾ ਉਹ ਹਿੱਸਾ ਸੀ, ਉਹ “ਇੱਕ ਖਾਸ ਦੇਵਤੇ ਦੇ ਪੁਜਾਰੀ ਸਨ, ਅਕਸਰ ਮੰਦਰ ਵਿੱਚ ਇਕੱਠੇ ਹੁੰਦੇ ਸਨ, ਸ਼ਰਾਬ ਅਤੇ ਬਲੀਆਂ ਚੜ੍ਹਾਉਂਦੇ ਹੁੰਦੇ ਸਨ ਅਤੇ ਮੰਦਰ ਦੀ ਮੂਰਤੀ ਅੱਗੇ ਭੇਟਾਂ ਕੀਤਾ ਗਿਆ ਮਾਸ ਖਾਂਦੇ ਹੁੰਦੇ ਸਨ।”[1] ਉਹ ਦੁਚਿੱਤੀ ਵਿੱਚ ਪਿਆ ਹੋਇਆ ਸੀ। ਜੇਕਰ ਉਹ ਆਪਣੇ ਆਪ ਨੂੰ ਉਸ ਸਮੂਹ ਤੋਂ ਵੱਖਰਾ ਕਰ ਲਵੇ ਤਾਂ ਇਸ ਦੇ ਸਮਾਜਕ ਅਤੇ ਆਰਥਿਕ ਨਤੀਜੇ ਭਿਆਣਕ ਹੋਣਗੇ।

ਆਪਣੇ ਮਨ ਵਿੱਚ ਹੁਣ ਇਹ ਲੋਹਾਰ ਜਾਣ ਗਿਆ ਹੈ ਕਿ ਹੇਫਾਇਸਟੁਸ ਦਾ ਕੋਈ ਵਜੂਦ ਹੈ ਹੀ ਨਹੀਂ; ਪਰ ਕਈ ਵਰ੍ਹਿਆਂ ਤੋਂ ਉਸ ਸਭਿਆਚਾਰ ਵਿੱਚ ਰਹਿਣ ਦੇ ਕਾਰਨ ਉਹ ਉਨ੍ਹਾਂ

ਰਸਮਾਂ ਦੇ ਵਜੂਦ ਨੂੰ ਨਕਾਰ ਨਹੀਂ ਸਕਦਾ ਜਿਹੜੀਆਂ ਇਸ ਦੇਵਤੇ ਦੇ ਲਈ ਕੀਤੀਆਂ ਜਾਂਦੀਆਂ ਸਨ। ਪੌਲੁਸ ਦੇ ਲਈ ਉਸ ਦਾ ਪ੍ਰਸ਼ਨ ਇਹ ਸੀ: ਹੁਣ ਉਹ ਜਾਣ ਗਿਆ ਹੈ ਕਿ ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਤੋਂ ਬਿਨਾ ਹੋਰ ਕੋਈ ਈਸ਼ੁਰ ਹੈ ਹੀ ਨਹੀਂ, ਤਾਂ ਫਿਰ ਚੰਗੇ ਕਾਰੋਬਾਰ ਲਈ ਕੀ ਉਹ ਕਿਸੇ ਮੂਰਤੀ ਦੇ ਮੰਦਰ ਵਿੱਚ ਉਸ ਮੂਰਤੀ ਨੂੰ ਭੇਟਾਂ ਕੀਤਾ ਗਿਆ ਮਾਸ ਖਾ ਸਕਦਾ ਹੈ? ਉਹ ਜਾਣ ਗਿਆ ਸੀ ਕਿ ਮੂਰਤੀ ਕੁਝ ਨਹੀਂ ਹੁੰਦੀ, ਹਾਲਾਂਕਿ ਦੂਜੇ ਲੋਕ ਇਹ ਨਹੀਂ ਜਾਣਦੇ ਸਨ। ਕੀ ਉਸ ਨੂੰ ਆਪਣੇ ਮਿੱਤਰਾਂ ਨਾਲ ਸਾਰੇ ਸੰਪਰਕ ਤੋੜ ਦੇਣੇ ਚਾਹੀਦੇ ਹਨ?

*ਸਮਾਜਕ ਇਕੱਠ ਵੇਲੇ ਮਾਸ ਖਾਣਾ:* ਦੂਜੇ ਦ੍ਰਿਸ਼ ਵਿੱਚ ਇੱਕ ਇਸਤਰੀ ਹੈ ਜਿਸ ਦੀ ਉਮਰ ਚਾਲੀ ਕੁ ਵਰ੍ਹੇ ਹੈ, ਅਤੇ ਹੁਣ ਉਸ ਦੇ ਬੱਚੇ ਉਸ ਦਾ ਜ਼ਿਆਦਾ ਸਮਾਂ ਨਹੀਂ ਲੈਂਦੇ। ਪਿਛਲੇ ਕੁਝ ਵਰ੍ਹਿਆਂ ਤੋਂ ਉਹ ਹੋਰਨਾਂ ਇਸਤਰੀਆਂ ਦੇ ਨਾਲ ਦੇਮੇਤਰ ਦੇਵੀ ਅਤੇ ਉਸ ਦੀ ਧੀ ਪੇਰਸੇਫੋਨੇ ਦੇ ਮੰਦਰ ਵਿੱਚ ਹੋਰਨਾਂ ਇਸਤਰੀਆਂ ਦੇ ਇਕੱਠ ਵਿੱਚ ਲਗਾਤਾਰ ਸ਼ਾਮਲ ਹੁੰਦੀ ਆ ਰਹੀ ਹੈ। ਇਹ ਦੋਵੇਂ ਖੇਤੀ ਦੀਆਂ ਦੇਵੀਆਂ ਸਨ ਅਤੇ ਖਾਸਤੌਰ ’ਤੇ ਇਸਤਰੀਆਂ ਉੱਤੇ ਇਨ੍ਹਾਂ ਦੀ ਕਿਰਪਾ-ਦ੍ਰਿਸ਼ਟੀ ਹੁੰਦੀ ਸੀ। ਇਹ ਸਭਾਵਾਂ ਸਮਾਜਕ ਇਕੱਠ ਹੁੰਦੀਆਂ ਸਨ। ਇਹ ਇਸਤਰੀਆਂ ਕੁਝ ਭੋਜਨ ਵਸਤਾਂ ਲੈ ਕੇ ਆਉਂਦੀਆਂ ਸਨ, ਉਨ੍ਹਾਂ ਨੂੰ ਪੂਰੀਆਂ ਰਸਮਾਂ ਦੇ ਨਾਲ ਦੇਵੀ ਨੂੰ ਭੇਟਾਂ ਚੜ੍ਹਾਉਂਦੀਆਂ ਸਨ, ਕੋਲੇ ਬਾਲ ਕੇ ਉਨ੍ਹਾਂ ਉੱਤੇ ਪਕਾਉਂਦੀਆਂ ਸਨ, ਘਰੇਲੂ ਸੰਕਟਾਂ ਵਿੱਚ ਦੇਮੇਤਰ ਦੀ ਮਦਦ ਮੰਗਦੀਆਂ ਸਨ, ਅਤੇ ਘਰੇਲੂ ਕੰਮਾਂ-ਕਾਰਾਂ ਤੋਂ ਥੋੜ੍ਹੇ ਵਿਹਲ ਦਾ ਅਨੰਦ ਲੈਂਦੀਆਂ ਸਨ।

ਇਸ ਇਸਤਰੀ ਨੇ ਵੀ ਹਾਲ ਹੀ ਵਿੱਚ ਮਸੀਹ ਨੂੰ ਪ੍ਰਭੂ ਮੰਨ ਕੇ ਸਵੀਕਾਰ ਕੀਤਾ ਸੀ ਅਤੇ ਉਸ ਦੀ ਆਗਿਆਕਾਰੀ ਕਰਦਿਆਂ ਬਪਤਿਸਮਾ ਲੈ ਲਿਆ ਸੀ। ਆਪਣੀਆਂ ਸਹੇਲੀਆਂ ਦੇ ਨਾਲ ਉਸ ਦਾ ਰਿਸ਼ਤਾ ਉਹੋ ਜਿਹਾ ਤਾਂ ਨਹੀਂ ਸੀ ਜਿਹੋ ਜਿਹਾ ਉਸ ਲੋਹਾਰ ਦਾ ਸੀ, ਪਰ ਇਸ ਵਿੱਚ ਕੋਈ ਸੰਦੇਹ ਨਹੀਂ ਹੈ ਕਿ ਉਸ ਦੇ ਮਨ ਵਿੱਚ ਉਹੀ ਪ੍ਰਸ਼ਨ ਸੀ। ਕੀ ਉਹ ਆਪਣੀ ਮਸੀਹੀ ਨਿਹਚਾ ਨਾਲ ਸਮਝੌਤਾ ਕੀਤੇ ਬਿਨਾ ਮੂਰਤੀਆਂ ਦੇ ਮੰਦਰ ਵਿੱਚ ਜਾ ਕੇ ਮੂਰਤੀਆਂ ਨੂੰ ਭੇਟਾਂ ਚੜ੍ਹਾਇਆ ਹੋਇਆ ਭੋਜਨ ਖਾ ਸਕਦੀ ਸੀ? ਹੁਣ ਜਦਕਿ ਉਹ ਮਸੀਹੀ ਹੋ ਗਈ ਹੈ, ਇਸ ਕਰਕੇ ਉਹ ਜਾਣਦੀ ਹੈ ਕਿ ਮੂਰਤੀ ਤਾਂ ਅਸਲ ਵਿੱਚ ਕੁਝ ਵੀ ਨਹੀਂ ਹੁੰਦੀ। ਉਹ ਇਹ ਸੋਚ ਕੇ ਪਰੇਸ਼ਾਨ ਸੀ ਕਿ ਉਹ ਆਪਣੀਆਂ ਸਹੇਲੀਆਂ ਨੂੰ ਕੀ ਆਖੇਗੀ ਕਿ ਹੁਣ ਉਹ ਉਨ੍ਹਾਂ ਨਾਲ ਕਿਉਂ ਨਹੀਂ ਮਿਲ ਸਕਦੀ। ਸ਼ਾਇਦ ਉਹ ਪੌਲੁਸ ਨੂੰ ਪੁੱਛਣਾ ਚਾਹੁੰਦੀ ਹੋਵੇਗੀ ਕਿ ਕੀ ਮਸੀਹ ਵਿੱਚ ਨਿਹਚਾ ਕਰਕੇ ਉਸ ਨੂੰ ਆਪਣੀਆਂ ਸਹੇਲੀਆਂ ਤੋਂ ਨਾਤਾ ਤੋੜਣ ਦੀ ਲੋੜ ਸੀ।

*ਆਪਣੇ ਘਰ ਵਿੱਚ ਮਾਸ ਖਾਣਾ:* ਤੀਜੇ ਦ੍ਰਿਸ਼ ਵਿੱਚ ਅਸੀਂ ਉਸ ਪਰਿਵਾਰ ਦੀ ਕਲਪਨਾ ਕਰਦੇ ਹਾਂ ਜੋ ਆਪਣੇ ਘਰ ਵਿੱਚ ਮਾਸ ਖਾਣਾ ਚਾਹੁੰਦੇ ਸਨ। ਉਸ ਵੇਲੇ ਦੇ ਕੁਰਿੰਥੁਸ ਵਿੱਚ ਘਰ ਵਿੱਚ ਨਿਯਮਿਤ ਤੌਰ ’ਤੇ ਮਾਸ ਖਾਣਾ ਆਮ ਗੱਲ ਨਹੀਂ ਹੋਇਆ ਕਰਦੀ ਸੀ, ਪਰ ਕਿਸੇ ਖਾਸ ਮੌਕੇ ’ਤੇ ਪਰਿਵਾਰ ਮਾਸ ਖਰੀਦਣ ਲਈ ਬਜ਼ਾਰ (μάκελλον, *ਮਾਕੇਲੋਨ*; 10:25) ਜ਼ਰੂਰ ਜਾਂਦਾ ਸੀ ਅਤੇ ਕੁਝ ਖਰੀਦ ਕੇ ਲਿਆਉਂਦਾ ਸੀ। ਬਜ਼ਾਰ ਵਿੱਚ ਆਉਣ ਵਾਲਾ ਜ਼ਿਆਦਾਤਰ ਮਾਸ ਮੂਰਤੀਆਂ ਦੇ ਮੰਦਰਾਂ ਵਿੱਚੋਂ ਹੀ ਲਿਆਇਆ ਜਾਂਦਾ ਸੀ। ਜਦ ਕਿਸੇ ਭਗਤ ਨੂੰ ਕਿਸੇ ਦੇਵਤੇ ਤੋਂ ਮਦਦ ਚਾਹੀਦੀ ਹੁੰਦੀ ਸੀ ਤਾਂ ਉਹ ਉਸ ਦੇ ਮੰਦਰ ਵਿੱਚ ਭੇਟਾਂ ਵਜੋਂ ਬੱਕਰਾ, ਸੂਰ, ਜਾਂ ਬਲਦ ਲੈ ਕੇ ਆਉਂਦਾ ਸੀ। ਉਸ ਪਸ਼ੂ ਦੀ ਬਲੀ ਦਿੱਤੀ ਜਾਂਦੀ ਸੀ, ਉਸ ਦੀ ਚਰਬੀ ਨੂੰ ਜਗਵੇਦੀ ਉੱਤੇ ਅਗਨ-ਭੇਟਾਂ ਕੀਤਾ ਜਾਂਦਾ ਸੀ ਅਤੇ ਬਾਕੀ ਦਾ ਮਾਸ

ਦੁਕਾਨਦਾਰਾਂ ਨੂੰ ਵੇਚ ਦਿੱਤਾ ਜਾਂਦਾ ਸੀ, ਜੋ ਉਸ ਮਾਸ ਨੂੰ ਬਜ਼ਾਰ ਵਿੱਚ ਲੈ ਜਾ ਕੇ ਵੇਚ ਦਿੰਦੇ ਸਨ। ਕੁਰਿੰਥੁਸ ਦੇ ਮਸੀਹੀਆਂ ਵੱਲੋਂ ਪੌਲੁਸ ਤੋਂ ਪੁੱਛਿਆ ਗਿਆ ਪ੍ਰਸ਼ਨ ਇਹ ਸੀ: ਕੀ ਮਸੀਹੀ ਲੋਕ ਆਪਣੇ ਘਰ ਵਿੱਚ ਉਹ ਮਾਸ ਖਰੀਦ ਕੇ ਪਕਾ ਕੇ ਖਾ ਸਕਦੇ ਸਨ ਜਿਹੜਾ ਪਹਿਲਾਂ ਮੂਰਤੀਆਂ ਨੂੰ ਭੇਟਾਂ ਕੀਤਾ ਗਿਆ ਸੀ?

*ਕਿਸੇ ਮਿੱਤਰ ਦੇ ਘਰ ਵਿੱਚ ਮਾਸ ਖਾਣਾ:* ਚੌਥਾ ਦ੍ਰਿਸ਼ ਤੀਜੇ ਨਾਲ ਮੇਲ ਖਾਂਦਾ ਹੈ, ਪਰ ਇਹ ਹੋਰ ਪ੍ਰਸ਼ਨ ਚੁੱਕਦਾ ਹੈ। ਇਸ ਦ੍ਰਿਸ਼ ਵਿੱਚ ਕਿਸੇ ਹੋਰ ਦੇ ਘਰ ਵਿੱਚ ਮਾਸ ਖਾਣਾ ਸ਼ਾਮਲ ਹੈ। ਜੇਕਰ ਗੈਰਮਸੀਹੀ ਲੋਕ, ਭਾਵੇਂ ਉਨ੍ਹਾਂ ਦੇ ਆਪਣੇ ਰਿਸ਼ਤੇਦਾਰ ਹੀ, ਕਿਸੇ ਮਸੀਹੀ ਨੂੰ ਆਪਣੇ ਘਰ ਭੋਜਨ ਕਰਨ ਦਾ ਸੱਦਾ ਦੇਣ ਤਾਂ ਕੀ ਕੀਤਾ ਜਾਵੇ? ਕੀ ਮਸੀਹੀ ਲੋਕ ਉਸ ਸੱਦੇ ਨੂੰ ਸਵੀਕਾਰ ਕਰਕੇ ਭੋਜਨ ਖਾ ਸਕਦੇ ਸਨ, ਇਹ ਸੰਦੇਹ ਕਰਦਿਆਂ ਕਿ ਸ਼ਾਇਦ ਇਸ ਮਾਸ ਨੂੰ ਮੂਰਤੀਆਂ ਅੱਗੇ ਭੇਟਾਂ ਕੀਤਾ ਗਿਆ ਹੈ? ਅਜਿਹੇ ਥਾਂ ’ਤੇ ਮਸੀਹੀ ਲੋਕਾਂ ਦੇ ਪ੍ਰਭਾਵ ਅਤੇ ਪਰਮੇਸ਼ੁਰ ਦੇ ਪ੍ਰਤੀ ਉਨ੍ਹਾਂ ਦੀ ਵਫਾਦਾਰੀ ਦਾ ਸਵਾਲ ਸੀ।

*ਸਾਰ:* ਮੂਰਤੀਆਂ ਅੱਗੇ ਭੇਟਾਂ ਕੀਤਾ ਗਿਆ ਮਾਸ – ਵਿਸ਼ੇਸ਼ ਤੌਰ ’ਤੇ ਮੂਰਤੀਆਂ ਦੇ ਮੰਦਰਾਂ ਵਿੱਚ – ਖਾਣ ਬਾਰੇ ਪ੍ਰਸ਼ਨ ਜਟਿਲ ਸਨ ਅਤੇ ਇਨ੍ਹਾਂ ਵਿੱਚ ਬਹੁਤ ਬਾਰੀਕੀਆਂ ਸ਼ਾਮਲ ਸਨ। ਅਜਿਹੇ ਹਾਲਾਤਾਂ ਵਿੱਚ ਪੌਲੁਸ ਨੇ “ਹਾਂ” ਜਾਂ “ਨਾ,” “ਸਹੀ” ਜਾਂ “ਗਲਤ” ਵਿੱਚ ਉੱਤਰ ਨਹੀਂ ਦਿੱਤਾ; ਕਿਉਂਕਿ ਨਵੇਂ ਵਿਸ਼ਵਾਸੀਆਂ ਨੂੰ ਸਪੱਸ਼ਟ ਨਿਰਦੇਸ਼ਾਂ ਦੀ ਲੋੜ ਸੀ। ਜਦ ਪਰਮੇਸ਼ੁਰ ਦੇ ਪ੍ਰੇਰਿਤ ਰਸੂਲ ਨੇ ਉਨ੍ਹਾਂ ਮਸਲਿਆਂ ਬਾਰੇ ਸਲਾਹ ਦਿੱਤੀ ਜਿਨ੍ਹਾਂ ਬਾਰੇ ਪਰਮੇਸ਼ੁਰ ਨੇ ਆਪ ਸਾਫ ਤੌਰ ’ਤੇ ਕੁਝ ਨਹੀਂ ਆਖਿਆ ਸੀ, ਤਾਂ ਉਸ ਨੇ ਸਾਵਧਾਨੀ ਪੂਰਬਕ ਤਰਕਾਂ ਦੀ ਵਰਤੋਂ ਕੀਤੀ। ਨਿਰਸੰਦੇਹ ਉਸ ਨੇ ਸਭਨਾਂ ਮਸੀਹੀਆਂ ਨੂੰ ਮੂਰਤੀ ਪੂਜਾ ਤੋਂ ਦੂਰ ਰਹਿਣ ਲਈ ਆਖਿਆ, ਅਤੇ ਇਸ ਵਿੱਚ ਮੂਰਤੀਆਂ ਦੇ ਮੰਦਰਾਂ ਤੋਂ ਦੂਰ ਰਹਿਣਾ ਵੀ ਸ਼ਾਮਲ ਹੈ। ਉਨ੍ਹਾਂ ਨੂੰ ਤਾਂ ਆਪਣੇ ਚੁਫੇਰੇ ਦੇ ਲੋਕਾਂ ਨੂੰ ਇਹ ਸੋਚਣ ਦਾ ਮੌਕਾ ਤੱਕ ਨਹੀਂ ਦੇਣਾ ਸੀ ਕਿ ਉਹ ਗੈਰਮਸੀਹੀ ਰਸਮਾਂ ਵਿੱਚ ਹਿੱਸਾ ਲੈ ਰਹੇ ਹਨ।

ਬਜ਼ਾਰ ਦੀ ਗੱਲ ਕਰਦਿਆਂ ਸਿਆਣਪ ਇਸੇ ਗੱਲ ਵਿੱਚ ਸੀ ਕਿ ਵਿਕ ਰਹੇ ਮਾਸ ਦੇ ਪਿਛੋਕੜ ਦੀ ਜਾਂਚ ਨਾ ਕੀਤੀ ਜਾਵੇ। ਜੇਕਰ ਕਿਸੇ ਨੇ ਆਪ ਹੀ ਆਖ ਦਿੱਤਾ ਕਿ ਜਿਸ ਮਾਸ ਦੀ ਵਿਕਰੀ ਕੀਤੀ ਜਾ ਰਹੀ ਹੈ ਉਹ ਮੂਰਤੀਆਂ ਅੱਗੇ ਭੇਟਾਂ ਕੀਤਾ ਗਿਆ ਹੈ, ਤਾਂ ਮਸੀਹੀ ਨੂੰ ਮੂਰਤੀ ਪੂਜਾ ਦਾ ਵਿਰੋਧ ਕਰਦਿਆਂ ਉਸ ਨੂੰ ਨਾ ਖਾਣ ਦੇ ਆਪਣੇ ਫੈਸਲੇ ਉੱਤੇ ਅਟੱਲ ਰਹਿਣਾ ਸੀ।

## ਗਿਆਨ ਬਨਾਮ ਪ੍ਰੇਮ (8:1-3)

**1ਮੂਰਤੀਆਂ ਦੀਆਂ ਭੇਟਾਂ ਦੇ ਵਿਖੇ ਅਸੀਂ ਇਹ ਜਾਣਦੇ ਹਾਂ ਜੋ ਅਸਾਂ ਸਭਨਾਂ ਨੂੰ ਇਲਮ ਹੈ। ਇਲਮ ਫੁਲਾਉਂਦਾ ਹੈ ਪਰ ਪ੍ਰੇਮ ਬਣਾਉਂਦਾ ਹੈ। 2ਜੇ ਕੋਈ ਆਪਣੇ ਭਾਣੇ ਕੁਝ ਜਾਣਦਾ ਹੋਵੇ ਤਾਂ ਜਿਵੇਂ ਜਾਣਨਾ ਚਾਹੀਦਾ ਹੈ ਤਿਵੇਂ ਅਜੇ ਨਹੀਂ ਜਾਣਦਾ। 3ਪਰ ਜੇ ਕੋਈ ਪਰਮੇਸ਼ੁਰ ਨਾਲ ਪ੍ਰੇਮ ਰੱਖੇ ਤਾਂ ਉਹ ਉਸ ਤੋਂ ਜਾਣਿਆ ਜਾਂਦਾ ਹੈ।**

**ਆਇਤ 1. ਮੂਰਤੀਆਂ ਦੀਆਂ ਭੇਟਾਂ ਦੇ ਵਿਖੇ** ਗੱਲ ਕਰਨ ਤੋਂ ਬਾਅਦ ਪੌਲੁਸ ਨੇ ਮੂਰਤੀਆਂ ਨੂੰ ਭੇਟਾਂ ਕੀਤੇ ਗਏ ਮਾਸ ਬਾਰੇ ਆਪਣੀ ਟਿੱਪਣੀ ਦਾ ਅਰੰਭ ਹਲਕੀ ਜਿਹੀ ਝਿੜਕ ਤੋਂ ਕੀਤਾ। ਇਸ ਝਿੜਕ ਦਾ ਕਾਰਨ ਇਹ ਨਹੀਂ ਸੀ ਕਿ ਉਨ੍ਹਾਂ ਨੇ ਉਸ ਤੋਂ ਇਸ ਬਾਰੇ

ਪ੍ਰਸ਼ਨ ਪੁੱਛੇ ਸਨ, ਸਗੋਂ ਇਹ ਤਾਂ ਇਨ੍ਹਾਂ ਪ੍ਰਸ਼ਨਾਂ ਪਿੱਛੇ ਉਨ੍ਹਾਂ ਦਾ ਰਵੱਈਆ ਸੀ। ਇਹ ਵਿਵਾਦ ਗਿਆਨ ਉੱਤੇ ਕੇਂਦਰਿਤ ਸੀ। ਜਿਹੜੇ ਲੋਕ ਮੂਰਤੀਆਂ ਦੇ ਮੰਦਰਾਂ ਵਿੱਚ ਮੂਰਤੀਆਂ ਅੱਗੇ ਭੇਟਾਂ ਕੀਤਾ ਗਿਆ ਮਾਸ ਖਾ ਰਹੇ ਸਨ, ਉਨ੍ਹਾਂ ਦਾ ਆਖਣਾ ਸੀ ਕਿ ਉਨ੍ਹਾਂ ਦਾ ਗਿਆਨ ਉਨ੍ਹਾਂ ਦੇ ਇਸ ਰਵੱਈਏ ਨੂੰ ਸਹੀ ਠਹਿਰਾਉਂਦਾ ਹੈ। ਜਨਤਾ ਲਈ ਭੋਜਨ ਕਰਨ ਦੇ ਕਮਰੇ ਅਰਥਾਤ ਲੰਗਰ ਹਾਲ ਮੰਦਰਾਂ ਦੀ ਚਾਰਦੀਵਾਰੀ ਦੇ ਵਿੱਚ ਹੀ ਹੁੰਦੇ ਸਨ।[2] ਜਿਹੜੇ ਮਸੀਹੀ ਇਨ੍ਹਾਂ ਥਾਂਵਾਂ 'ਤੇ ਭੋਜਨ ਖਾਂਦੇ ਸਨ ਉਹ ਇਸ ਨੂੰ ਮੂਰਤੀ ਪੂਜਾ ਤੋਂ ਬਿਲਕੁਲ ਵੱਖਰਾ ਮੰਨਦੇ ਸਨ। ਕਿਉਂ ਜੋ ਉਹ ਜਾਣਦੇ ਸਨ ਕਿ ਮੂਰਤੀਆਂ ਦਾ ਕੋਈ ਵਜੂਦ ਹੈ ਹੀ ਨਹੀਂ, ਇਸ ਕਰਕੇ ਉਹ ਉਸ ਮਾਸ ਨੂੰ ਖਾਣ ਵਿੱਚ ਕੋਈ ਨੁਕਸਾਨ ਨਹੀਂ ਮੰਨਦੇ ਸਨ ਜਿਹੜਾ ਉਨ੍ਹਾਂ ਦੇਵਤਿਆਂ ਨੂੰ ਭੇਟਾਂ ਕੀਤਾ ਗਿਆ ਸੀ ਜਿਨ੍ਹਾਂ ਦਾ ਅਸਲ ਵਿੱਚ ਕੋਈ ਵਜੂਦ ਹੀ ਨਹੀਂ ਸੀ।

ਪੌਲੁਸ ਉਨ੍ਹਾਂ ਦੇ ਨਾਲ ਸਹਿਮਤ ਨਹੀਂ ਸੀ। ਉਸ ਨੇ ਲਿਖਿਆ, **ਅਸੀਂ ਇਹ ਜਾਣਦੇ ਹਾਂ ਜੋ ਅਸਾਂ ਸਭਨਾਂ ਨੂੰ ਇਲਮ ਹੈ।** ਜਿਸ "ਇਲਮ" ਦੀ ਉਹ ਗੱਲ ਕਰ ਰਿਹਾ ਸੀ, ਉਹੀ ਦੁਨਿਆਵੀ ਬੁੱਧੀ ਸੀ ਜਿਸ ਬਾਰੇ ਉਸ ਨੇ 1:21 ਅਤੇ 2:1-13 ਵਿੱਚ ਗੱਲ ਕੀਤੀ ਸੀ। ਜਿਸ "ਬੁੱਧੀ" ਅਤੇ "ਗਿਆਨ" ਹੋਣ ਦਾ ਦਾਅਵਾ ਕੁਰਿੰਥੁਸ ਦੇ ਮਸੀਹੀ ਕਰ ਰਹੇ ਸਨ, ਪੌਲੁਸ ਨੇ ਆਖਿਆ ਕਿ ਉਹ ਉਨ੍ਹਾਂ ਨੂੰ "ਹੰਕਾਰੀ" ਬਣਾ ਰਿਹਾ ਹੈ (ਵੇਖੋ 4:18, 19)। ਨਵੇਂ ਨੇਮ ਵਿੱਚ ਕਿਰਿਆ φυσιόω (*ਫੁਸਿਓ*, "ਹੰਕਾਰੀ ਬਣਨਾ"; ਸ਼ਾਬਦਿਕ, "ਫੁੱਲ ਜਾਣਾ") ਸੱਤ ਵਾਰੀ ਇਸਤੇਮਾਲ ਕੀਤੀ ਗਈ ਹੈ, ਅਤੇ ਇਨ੍ਹਾਂ ਵਿੱਚੋਂ ਛੇ ਵਾਰੀ ਇਹ 1 ਕੁਰਿੰਥੀਆਂ ਵਿੱਚ ਹੀ ਹੈ। ਜਿਸ ਗਿਆਨ ਬਾਰੇ ਪੌਲੁਸ ਨੇ ਉਨ੍ਹਾਂ ਨੂੰ ਝਿੜਕਿਆ ਸੀ, ਉਸ ਨੂੰ ਕੁਝ ਲੋਕਾਂ ਨੇ ਆਪਣੀਆਂ ਮੂਰਤੀ ਪੂਜਕ ਪ੍ਰਥਾਵਾਂ ਨੂੰ ਜਾਰੀ ਰੱਖਣ ਨੂੰ ਸਹੀ ਠਹਿਰਾਉਣ ਲਈ ਇਸਤੇਮਾਲ ਕੀਤਾ ਸੀ।[3]

ਪੌਲੁਸ ਵੱਲੋਂ ਆਖੀ ਗਈ ਗੱਲ ਕਿ **ਇਲਮ ਫੁਲਾਉਂਦਾ ਹੈ ਪਰ ਪ੍ਰੇਮ ਬਣਾਉਂਦਾ ਹੈ** ਦਾ ਅਰਥ ਅਸਲ ਵਿੱਚ ਇਹ ਹੈ ਕਿ ਕੁਰਿੰਥੁਸ ਦੇ ਮਸੀਹੀਆਂ ਨੇ ਗਿਆਨ ਦੀ ਪ੍ਰਾਪਤੀ ਲਈ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ ਸੀ ਪਰ ਪ੍ਰੇਮ ਨੂੰ ਨਜ਼ਰਅੰਦਾਜ਼ ਕਰ ਦਿੱਤਾ ਸੀ। ਪੌਲੁਸ ਦੇ ਨਿਰਦੇਸ਼ਾਂ ਦਾ ਮੁਢਲਾ ਬਿੰਦੂ ਗਿਆਨ ਅਤੇ ਪ੍ਰੇਮ ਅਤੇ ਇਨ੍ਹਾਂ ਵਿਚਕਾਰਲਾ ਆਪਸੀ ਸੰਬੰਧ ਹੈ। ਪਰ ਸਾਰੀ ਚਰਚਾ ਦੇ ਦੌਰਾਨ ਉਹ ਇਸੇ ਗੱਲ ਉੱਤੇ ਜ਼ੋਰ ਦਿੰਦਾ ਰਿਹਾ ਕਿ ਜਿਹੜੇ ਲੋਕ ਯਿਸੂ ਨੂੰ ਮਸੀਹ ਮੰਨ ਕੇ ਇਕਰਾਰ ਕਰਦੇ ਹਨ, ਉਨ੍ਹਾਂ ਦੇ ਜੀਵਨ ਵਿੱਚ ਕਿਸੇ ਵੀ ਤਰ੍ਹਾਂ ਦੀ ਮੂਰਤੀ ਪੂਜਾ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਪੱਸ਼ਟ ਤੌਰ 'ਤੇ ਪੌਲੁਸ ਮਸੀਹੀਆਂ ਤੋਂ ਉਮੀਦ ਕਰ ਰਿਹਾ ਸੀ ਕਿ ਉਹ, ਜਿਵੇਂ ਕਿ ਡੇਵਿਡ ਈ. ਗਾਰਲੈਂਡ ਨੇ ਵੀ ਲਿਖਿਆ, "ਮੂਰਤੀਆਂ ਦੇ ਮੰਦਰਾਂ ਵਿੱਚ ਪੂਜਾ ਕਰਨਾ, ਮੂਰਤੀਆਂ ਦੇ ਤਿਉਹਾਰਾਂ ਵਿੱਚ ਸ਼ਾਮਲ ਹੋਣਾ, ਅਤੇ ਮੂਰਤੀਆਂ ਦਿਆਂ ਭੋਜਨਾਂ ਨੂੰ ਖਾਣਾ ਪੂਰੀ ਤਰ੍ਹਾਂ ਛੱਡ ਦੇਣਗੇ।"[4]

ਪੌਲੁਸ ਨੇ ਉਨ੍ਹਾਂ ਨੂੰ ਝਿੜਕਿਆ ਜੋ ਮੂਰਤੀ ਪੂਜਾ ਨਾਲ ਸਮਝੌਤਾ ਕਰ ਰਹੇ ਸਨ। ਉਸ ਨੇ ਉਨ੍ਹਾਂ ਮਸੀਹੀਆਂ ਦੀ ਸ਼ਲਾਘਾ ਨਹੀਂ ਕੀਤੀ ਜੋ ਆਪਣੇ ਆਪ ਨੂੰ ਗਿਆਨ ਵਿੱਚ ਐਨਾ ਤਕੜਾ ਮੰਨ ਰਹੇ ਸਨ ਕਿ ਮੂਰਤੀਆਂ ਅੱਗੇ ਭੇਟਾਂ ਕੀਤੇ ਗਏ ਭੋਜਨ ਨੂੰ ਖਾ ਕੇ ਵੀ ਉਨ੍ਹਾਂ ਉੱਤੇ ਪਾਪ ਦਾ ਕੋਈ ਅਸਰ ਨਹੀਂ ਹੋਵੇਗਾ। ਪੌਲੁਸ ਇੱਥੇ ਉਨ੍ਹਾਂ ਅਸਹਿਮਤੀਆਂ ਦੀ ਗੱਲ ਨਹੀਂ ਕਰ ਰਿਹਾ ਸੀ ਜਿਹੜੀਆਂ ਤਕੜੇ ਮਸੀਹੀਆਂ ਅਤੇ ਨਿਰਬਲ ਮਸੀਹੀਆਂ ਵਿਚਕਾਰ ਹੁੰਦੀਆਂ ਹਨ। ਉਹ ਤਾਂ ਹਰੇਕ ਨੂੰ ਮੂਰਤੀ ਪੂਜਾ ਨੂੰ ਪੂਰੀ ਤਰ੍ਹਾਂ ਛੱਡ ਦੇਣ ਲਈ ਆਖ ਰਿਹਾ ਸੀ।

ਜਦ ਪੌਲੁਸ ਨੇ 8:7-13 ਵਿੱਚ ਨਿਰਬਲ ਮਸੀਹੀਆਂ ਦਾ ਜ਼ਿਕਰ ਕੀਤਾ, ਤਾਂ ਉਹ ਉਨ੍ਹਾਂ ਵਿਸ਼ਵਾਸੀਆਂ ਬਾਰੇ ਗੱਲ ਕਰ ਰਿਹਾ ਸੀ ਜਿਨ੍ਹਾਂ ਦੀ ਨਿਹਚਾ ਉਸ ਵੇਲੇ ਖਤਰੇ ਵਿੱਚ ਆ

ਜਾਵੇਗੀ ਜਦ ਉਹ ਕਿਸੇ ਸਾਥੀ ਮਸੀਹੀ ਨੂੰ ਮੂਰਤੀਆਂ ਦੇ ਮੰਦਰਾਂ ਵਿੱਚ ਮੂਰਤੀਆਂ ਅੱਗੇ ਭੇਟਾਂ ਕੀਤਾ ਗਿਆ ਮਾਸ ਖਾਂਦਿਆ ਵੇਖਣਗੇ। ਪੌਲੁਸ ਨੂੰ ਅਜਿਹੇ ਅਪਰਾਧ ਦੀ ਸੰਭਾਵਨਾ ਹੀ ਸਤਾ ਰਹੀ ਸੀ (ਵੇਖੋ 8:11)। *ਇਸ ਸੰਦਰਭ ਵਿੱਚ ਨਾ ਤਾਂ ਉਸ ਨੇ ਕਿਸੇ ਨੂੰ "ਤਕੜਾ" ਆਖਿਆ ਅਤੇ ਨਾ ਹੀ ਕਿਸੇ ਨੂੰ ਮੂਰਤੀਆਂ ਦੇ ਮੰਦਰਾਂ ਵਿੱਚ ਖਾਣ ਦੀ ਇਜਾਜ਼ਤ ਦਿੱਤੀ।*

ਜਦ ਪੌਲੁਸ ਦਾ ਤਰਕ ਅਗਾਂਹ ਵਧਦਾ ਹੈ, ਤਾਂ ਉਸ ਦੀ ਚਿੰਤਾ ਦਾ ਵਿਸ਼ਾ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ। **ਮੂਰਤੀਆਂ ਦੀਆਂ ਭੇਟਾਂ** ਨੂੰ ਖਾਣ ਬਾਰੇ ਉਸ ਦਾ ਇਤਰਾਜ਼ ਇਹ ਨਹੀਂ ਸੀ ਕਿ ਉਸ ਮਾਸ ਨੂੰ ਖਾਣ ਵਾਲੇ ਉੱਤੇ ਕਿਸੇ ਤਰ੍ਹਾਂ ਦੀ ਸ਼ਤਾਨੀ ਸ਼ਕਤੀ ਹਾਵੀ ਹੋ ਜਾਵੇਗੀ (10:19, 20)। ਉਦਾਹਰਣ ਵਜੋਂ, ਅਜਿਹਾ ਮਾਸ ਆਪਣੇ ਘਰ ਵਿੱਚ ਖਾਣਾ ਤਦ ਤੱਕ ਸਹੀ ਸੀ ਜਦ ਤੱਕ ਖਾਣ ਵਾਲੇ ਲੋਕ ਇਹ ਨਹੀਂ ਪੁੱਛਦੇ ਸਨ ਕਿ ਇਹ ਮਾਸ ਕਿੱਥੋਂ ਆਇਆ ਹੈ (10:27)। ਪੌਲੁਸ ਮਾਸ ਖਾਣ ਬਾਰੇ ਚਿੰਤਤ ਨਹੀਂ ਸੀ, ਇੱਥੋਂ ਤੱਕ ਕਿ "ਮੂਰਤੀਆਂ ਦੀਆਂ ਭੇਟਾਂ" ਦਾ ਮਾਸ ਖਾਣ ਬਾਰੇ ਵੀ ਨਹੀਂ; ਉਹ ਤਾਂ ਕੁਰਿੰਥੁਸ ਦੇ ਮਸੀਹੀਆਂ ਨੂੰ ਇਸ ਗੱਲ 'ਤੇ ਝਿੜਕ ਰਿਹਾ ਸੀ ਕਿ ਉਹ ਇਸ ਮਾਸ ਨੂੰ ਮੂਰਤੀਆਂ ਦੇ ਮੰਦਰਾਂ ਵਿੱਚ ਖਾ ਰਹੇ ਸਨ (8:10)। ਜਦ ਮੂਰਤੀਆਂ ਨੂੰ ਭੇਟਾਂ ਕੀਤਾ ਗਿਆ ਮਾਸ ਮੂਰਤੀਆਂ ਦੇ ਮੰਦਰਾਂ ਵਿੱਚ ਖਾਧਾ ਜਾਂਦਾ ਸੀ, ਤਾਂ ਇਹ ਕੰਮ ਆਪਣੇ ਆਪ ਹੀ ਮੂਰਤੀ ਪੂਜਾ ਬਣ ਜਾਂਦਾ ਸੀ, ਫਿਰ ਭਾਵੇਂ ਵਿਸ਼ਵਾਸੀ ਆਪਣੇ ਗਿਆਨ ਦੀ ਹੀ ਦਲੀਲ ਕਿਉਂ ਨਾ ਦੇਵੇ।

ਇੱਕ ਮਸੀਹੀ ਦੇਵਤਿਆਂ ਦੇ ਵਜੂਦ ਤੋਂ ਇਨਕਾਰ ਕਰ ਸਕਦਾ ਹੈ ਅਤੇ ਖਾਧੇ ਗਏ ਭੋਜਨ ਨੂੰ ਨਫਰਤ ਭਰੇ ਲਹਿਜ਼ੇ ਨਾਲ "ਮੂਰਤੀਆਂ ਦੀਆਂ ਭੇਟਾਂ" (εἰδωλόθυτον, *ਆਈਡੋਲੋਥੁਟੋਨ*) ਆਖ ਸਕਦਾ ਹੈ। ਤਾਂ ਵੀ ਕਿਸੇ ਦੇਵਤੇ ਦੇ ਮੰਦਰ ਵਿੱਚ ਇੱਕ ਮਸੀਹੀ ਦਾ ਖੜ੍ਹੇ ਹੋਣਾ ਹੀ ਇਸ ਗੱਲ ਦਾ ਐਲਾਨ ਕਰ ਦਿੰਦਾ ਹੈ ਕਿ ਉਹ ਮੂਰਤੀਆਂ ਅੱਗੇ ਭੇਟਾਂ ਕੀਤਾ ਗਿਆ ਭੋਜਨ ਖਾ ਰਿਹਾ ਹੈ ਅਤੇ ਅਜਿਹਾ ਕਰਕੇ ਮੂਰਤੀ ਪੂਜਾ ਵਿੱਚ ਸ਼ਾਮਲ ਹੋ ਰਿਹਾ ਹੈ। ਉਸ ਦਾ ਰਵੱਈਆ ਇੱਕ ਅਸਲੀ ਮੂਰਤੀ ਪੂਜਕ ਵਿਅਕਤੀ ਦੇ ਰਵੱਈਏ ਦੇ ਬਰਾਬਰ ਹੈ ਅਤੇ ਗਿਆਨ ਦੇ ਅਧਾਰ 'ਤੇ ਉਨ੍ਹਾਂ ਵਿੱਚ ਕੋਈ ਫਰਕ ਨਹੀਂ ਕੀਤਾ ਜਾ ਸਕਦਾ (ਵੇਖੋ 8:11)। ਪੌਲੁਸ ਦੀ ਸੋਚ ਦੇ ਅਨੁਸਾਰ ਪਰਮੇਸ਼ੁਰ ਦਾ ਪ੍ਰੇਮ ਕਿਸੇ ਵੀ ਮਸੀਹੀ ਨੂੰ ਕਿਸੇ ਵੀ ਹਾਲਾਤ ਵਿੱਚ ਮੂਰਤੀਆਂ ਦੇ ਮੰਦਰਾਂ ਵਿੱਚ ਮੂਰਤੀਆਂ ਨੂੰ ਭੇਟਾਂ ਕੀਤਾ ਗਿਆ ਭੋਜਨ ਨਹੀਂ ਖਾਣ ਦੇਵੇਗਾ (8:10)।

**ਆਇਤ 2.** ਮੂਰਤੀਆਂ ਦੇ ਮੰਦਰਾਂ ਵਿੱਚ ਲਗਾਤਾਰ ਜਾਣ ਵਾਲੇ ਕੁਰਿੰਥੀਆਂ ਨੂੰ ਸੁਧਾਰਦਿਆਂ ਪੌਲੁਸ ਨੇ ਆਖਿਆ ਕਿ ਅਸਲ ਗਿਆਨਵਾਨ ਉਹ ਹਨ ਜਿਹੜੇ ਆਪਣੇ ਗਿਆਨ ਦੀਆਂ ਹੱਦਾਂ ਨੂੰ ਸਿਆਣ ਲੈਂਦੇ ਹਨ। ਉਹ ਇਸ ਗੱਲ ਨੂੰ ਸੰਬੋਧਿਤ ਕਰ ਚੁੱਕਾ ਸੀ ਕਿ ਵੰਡਾਂ ਦਾ ਕਾਰਨ ਹੰਕਾਰੀ ਬੁੱਧੀ ਸੀ (ਅਧਿਆਇ 2; 3)। ਮੂਰਤੀ ਪੂਜਾ ਨਾਲ ਸਮਝੌਤਾ ਕਰਨ ਵਾਲਿਆਂ ਨੇ ਜਿਸ ਗਿਆਨ ਦੀ ਦਲੀਲ ਦਿੱਤੀ ਸੀ ਇਹ ਉਸ ਬੁੱਧੀ ਵਾਂਗ ਹੀ ਸੀ ਜਿਸ ਨੂੰ ਉਸ ਨੇ ਪਹਿਲਾਂ ਸੰਬੋਧਿਤ ਕੀਤਾ ਸੀ। ਅਜਿਹੀ ਬੁੱਧੀ ਅਤੇ ਗਿਆਨ ਦੇ ਕੇਂਦਰ ਵਿੱਚ ਹੰਕਾਰ ਹੁੰਦਾ ਹੈ। ਪੌਲੁਸ ਨੇ ਕੁਝ ਚਿਰ ਪਹਿਲਾਂ ਹੀ ਇਹ ਆਖਿਆ ਸੀ ਕਿ ਉਸ ਦੇ ਉਪਦੇਸ਼ "ਮਾਣਸ ਗਿਆਨ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਨਹੀਂ" ਆਏ ਸਨ (2:13; ਵੇਖੋ 1:26-31)। ਆਪਣੇ ਗਿਆਨ ਬਾਰੇ ਅੱਤ ਉੱਚੇ ਵਿਚਾਰ ਰੱਖਣ ਵਾਲੇ ਕੁਰਿੰਥੁਸ ਦੇ ਮਸੀਹੀਆਂ ਨੂੰ ਪੌਲੁਸ ਨੇ ਆਖਿਆ, **ਜੇ ਕੋਈ ਆਪਣੇ ਭਾਣੇ ਕੁਝ ਜਾਣਦਾ ਹੋਵੇ ਤਾਂ ਜਿਵੇਂ ਜਾਣਨਾ ਚਾਹੀਦਾ ਹੈ ਤਿਵੇਂ ਅਜੇ ਨਹੀਂ ਜਾਣਦਾ।** ਉਨ੍ਹਾਂ ਨੂੰ ਇਹ ਸਿਆਣਨ ਦੀ ਲੋੜ ਸੀ ਕਿ

ਪੌਲੁਸ ਦਾ ਰਸੂਲੀ ਗਿਆਨ ਉਨ੍ਹਾਂ ਦੇ ਆਪਣੇ ਗਿਆਨ ਨਾਲੋਂ ਵੱਖਰੀ ਤਰ੍ਹਾਂ ਦਾ ਸੀ।

ਜਿਹੜਾ ਵਿਅਕਤੀ ਆਪਣੇ ਗਿਆਨ ਦਾ ਆਸਰਾ ਲੈ ਕੇ ਦੂਜਿਆਂ ਬਾਰੇ ਸੋਚੇ ਬਿਨਾ ਕੰਮ ਕਰਦਾ ਹੈ ਉਹ ਹੰਕਾਰੀ ਹੋਣ ਦੇ ਨਾਲ-ਨਾਲ ਆਤਮਕ ਤੌਰ ’ਤੇ ਅਗਿਆਨੀ ਵੀ ਹੈ। ਜਿਹੜਾ ਮਸੀਹੀ ਉਵੇਂ “ਜਾਣਦਾ ਹੋਵੇ ਤਾਂ ਜਿਵੇਂ [ਉਸ ਨੂੰ] ਜਾਣਨਾ ਚਾਹੀਦਾ ਹੈ” ਉਹ ਸਿਆਣ ਗਏ ਹਨ ਕਿ ਮਨੁੱਖੀ ਗਿਆਨ ਆਪਣੇ ਸੁਭਾਉ ਤੋਂ ਹੀ ਅਸਥਿਰ ਹੈ। ਸਿੱਧ ਗਿਆਨ ਸਿਰਫ ਪਰਮੇਸ਼ੁਰ ਕੋਲ ਹੈ। ਅਸੀਂ ਜਿਸ ਇੱਕਮਾਤਰ ਸੱਚਾਈ ਨੂੰ ਜਾਣਦੇ ਹਾਂ ਉਸ ਨੂੰ ਸਿਰਫ ਪਰਮੇਸ਼ੁਰ ਨੇ ਹੀ ਬੋਲਿਆ ਹੈ। ਉੱਨੀਵੀਂ ਸਦੀ ਦੇ ਬ੍ਰਿਟਿਸ਼ ਲੇਖਕ ਵਿਲਿਅਮ ਕੋਪਰ ਨੇ ਆਖਿਆ, “ਗਿਆਨ ਦਾ ਹੰਕਾਰ ਇਹ ਹੈ ਕਿ ਉਸ ਨੇ ਬਹੁਤ ਕੁਝ ਸਿੱਖ ਲਿਆ ਹੈ; ਬੁੱਧੀ ਦੀ ਹਲੀਮੀ ਇਹ ਹੈ ਕਿ ਉਹ ਜ਼ਿਆਦਾ ਕੁਝ ਨਹੀਂ ਜਾਣਦਾ।”[5] ਗਿਆਨ, ਮਨੋਵਿਗਿਆਨ ਵਾਂਗ, ਕਦੇ-ਕਦੇ ਉਹੀ ਰੋਗ ਬਣ ਜਾਂਦਾ ਹੈ ਜਿਸ ਦੇ ਲਈ ਇਸ ਦਾ ਇਲਾਜ ਹੋਣਾ ਚਾਹੀਦਾ ਹੈ।[6]

**ਆਇਤ 3.** ਜਿਹੜਾ ਵਿਸ਼ਵਾਸੀ **ਪਰਮੇਸ਼ੁਰ ਨਾਲ ਪ੍ਰੇਮ ਰੱਖੇ**, ਅਤੇ ਆਪਣੇ ਗਿਆਨ ਬਾਰੇ ਹੰਕਾਰੀ ਨਾ ਹੋਵੇ, **ਉਹ ਉਸ ਤੋਂ ਜਾਣਿਆ ਜਾਂਦਾ ਹੈ।** ਜੇਕਰ NASB ਵੱਲੋਂ ਲਿਖਿਆ ਗਿਆ ਅਨੁਵਾਦ ਸਹੀ ਹੈ, ਤਾਂ ਇਸ ਦਾ ਅਰਥ ਇਹ ਨਿੱਕਲਦਾ ਹੈ ਕਿ ਆਗਿਆਕਾਰੀ ਵਿਸ਼ਵਾਸੀ ਪਰਮੇਸ਼ੁਰ ਨੂੰ ਇਸ ਕਰਕੇ ਵਧੇਰੇ ਪ੍ਰੇਮ ਨਹੀਂ ਕਰਦਾ ਕਿ ਪਰਮੇਸ਼ੁਰ ਨੂੰ ਜਾਣੇ, ਸਗੋਂ ਇਸ ਕਰਕੇ ਕਿ ਪਰਮੇਸ਼ੁਰ ਉਸ ਨੂੰ ਜਾਣੇ। ਮਸੀਹੀ ਵਿਅਕਤੀ ਵਿੱਚ ਦੂਜਿਆਂ ਲਈ ਪ੍ਰੇਮ ਉਸ ਦੇ ਲਈ ਪਰਮੇਸ਼ੁਰ ਦੇ ਪ੍ਰੇਮ ਦਾ ਪ੍ਰਮਾਣ ਹੈ। ਪਵਿੱਤਰ ਆਤਮਾ ਦੀ ਅਗਵਾਈ ਹੇਠ ਚੱਲਣ ਵਾਲਾ ਰਸੂਲ ਪੌਲੁਸ ਸਿਆਣ ਗਿਆ ਸੀ ਕਿ ਮਨੁੱਖੀ ਜੀਵਨ ਦਾ ਟੀਚਾ ਅਜਿਹਾ ਗਿਆਨ ਪ੍ਰਾਪਤ ਕਰਨਾ ਨਹੀਂ ਹੈ ਜਿਹੜਾ ਮਨੁੱਖ ਲਈ ਸਨਮਾਨ ਅਤੇ ਲਾਭ ਲੈ ਕੇ ਆਉਂਦਾ ਹੈ। ਸਗੋਂ ਇਹ ਹੈ ਕਿ ਪਰਮੇਸ਼ੁਰ ਸਾਨੂੰ ਜਾਣੇ, ਉਹ ਪਰਮੇਸ਼ੁਰ ਜਿਹੜਾ ਸਭ ਪ੍ਰਕਾਰ ਦੇ ਜੀਵਨ ਦਾ ਦਾਤਾ ਹੈ ਅਤੇ ਆਪਣੀ ਪਰਜਾ ਨੂੰ ਆਪਣੇ ਲੋਕ ਆਖਦਾ ਹੈ।

ਇਸ ਵਿਆਖਿਆ ਦਾ ਇੱਕ ਵਿਕਲਪ ਉਸ ਵੇਲੇ ਸਾਹਮਣੇ ਆਉਂਦਾ ਹੈ ਜਦ ਮੂਲਪਾਠ ਵਿੱਚੋਂ “ਪਰਮੇਸ਼ੁਰ” (τὸν θεόν, *ਟੋਨ ਥਿਓਨ*) ਅਤੇ “ਉਸ ਤੋਂ” (ὑπ᾽ αὐτοῦ, *ਹੁਪ ਆਟੋਉ*) ਸ਼ਬਦ ਛੱਡ ਦਿੱਤੇ ਜਾਂਦੇ ਹਨ, ਜਿਵੇਂ ਕਿ ਦੂਜੀ ਸਦੀ ਦੇ ਅੰਤ ਵਿੱਚ ਹੋਏ ਐਲੇਗਜ਼ੈਂਡ੍ਰਿਆ ਦੇ ਇੱਕ ਵਿਦਵਾਨ, ਕਲੇਮੇਂਟ, ਵੱਲੋਂ ਪੇਸ਼ ਕੀਤੀ ਗਈ ਕੁਰਿੰਥੀਆਂ ਦੀ ਇੱਕ ਸਨਮਾਨਿਤ ਅਤੇ ਬਹੁਤ ਪੁਰਾਤਨ ਕਾਪੀ ਵਿੱਚੋਂ ਇਸ ਆਇਤ ਨੂੰ ਪੜ੍ਹਿਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਨੂੰ ਕੱਢ ਦਿੱਤੇ ਜਾਣ ਨਾਲ ਇਹ ਆਇਤ ਪੌਲੁਸ ਦੇ ਸੰਪੂਰਣ ਤਰਕ ਦੇ ਨਾਲ ਢੁਕਵੀਂ ਬੈਠ ਜਾਂਦੀ ਹੈ। ਇਨ੍ਹਾਂ ਸ਼ਬਦਾਂ ਨੂੰ ਕੱਢ ਕੇ ਅਤੇ ਮੱਧਮ ਵਾਚ ਵਿੱਚ ἔγνωσται (*ਏਗਨੋਸਟਾਏ*, “ਉਹ ਜਾਣਦਾ ਹੈ”) ਲੈ ਕੇ ਇਹ ਅਨੁਵਾਦ ਸਾਹਮਣੇ ਆਉਂਦਾ ਹੈ: “ਜੋ ਕੋਈ ਪ੍ਰੇਮ ਕਰਦਾ ਹੈ, ਉਹ ਸੱਚਮੁੱਚ ਜਾਣਦਾ ਹੈ।” ਇਹ ਅਨੁਵਾਦ ਵਧੀਆ ਜਾਪਦਾ ਹੈ; ਪਰ ਫਿਰ ਵੀ ਹਸਤਲਿਖਤਾਂ ਦੇ ਪ੍ਰਮਾਣ ਲੰਮੀ ਆਇਤ ਦਾ ਸਮਰਥਨ ਕਰਦੇ ਹਨ। ਇਸ ਤਰ੍ਹਾਂ ਦੇ ਅਨੁਵਾਦ ਨੂੰ ਸਵੀਕਾਰ ਕਰਨਾ ਖਤਰਨਾਕ ਵੀ ਹੋ ਸਕਦਾ ਹੈ ਕਿਉਂਕਿ ਇਹ ਇੱਕ ਵਚਿੱਤਰ ਵਿਚਾਰ ਨੂੰ ਪੇਸ਼ ਕਰਦਾ ਹੈ।

## ਪਰਮੇਸ਼ੁਰ ਬਨਾਮ ਮੂਰਤੀਆਂ (8:4-6)

**[4]ਸੋ ਮੂਰਤੀਆਂ ਦੀਆਂ ਭੇਟਾਂ ਦੇ ਖਾਣ ਵਿਖੇ ਅਸੀਂ ਜਾਣਦੇ ਹਾਂ ਜੋ ਮੂਰਤੀ ਜਗਤ ਵਿੱਚ ਕੁਝ ਨਹੀਂ ਅਤੇ ਇੱਕ ਪਰਮੇਸ਼ੁਰ ਤੋਂ ਛੁੱਟ ਦੂਜਾ ਕੋਈ ਨਹੀਂ। [5]ਭਾਵੇਂ ਕਿੰਨੇ ਹੀ ਹਨ ਕੀ ਅਕਾਸ਼ ਵਿੱਚ ਕੀ ਧਰਤੀ ਉੱਤੇ ਜਿਹੜੇ ਦਿਓਤੇ ਕਰਕੇ ਸਦਾਉਂਦੇ ਹਨ ਯਥਾ ਬਾਹਲੇ ਦਿਓਤੇ ਅਤੇ ਬਾਹਲੇ ਸੁਆਮੀ ਹਨ। [6]ਪਰ ਸਾਡੇ ਭਾਣੇ ਇੱਕੋ ਪਰਮੇਸ਼ੁਰ ਹੈ ਜੋ ਪਿਤਾ ਹੈ ਜਿਸ ਤੋਂ ਸੱਭੋ ਕੁਝ ਹੋਇਆ ਹੈ ਅਤੇ ਅਸੀਂ ਉਹ ਦੇ ਲਈ ਹਾਂ, ਅਰ ਇੱਕੋ ਪ੍ਰਭੂ ਹੈ ਜੋ ਯਿਸੂ ਮਸੀਹ ਹੈ ਜਿਹ ਦੇ ਰਾਹੀਂ ਸੱਭੋ ਕੁਝ ਹੋਇਆ ਨਾਲੇ ਅਸੀਂ ਵੀ।**

**ਆਇਤ 4.** ਪੌਲੁਸ ਨੇ ਕੁਰਿੰਥੁਸ ਦੇ ਮਸੀਹੀਆਂ ਨੂੰ ਗਿਆਨ ਅਤੇ ਪ੍ਰੇਮ ਦੇ ਆਪਸੀ ਸੰਬੰਧ ਉੱਤੇ ਗੌਰ ਕਰਨ ਦੀ ਚੁਣੌਤੀ ਦੇ ਕੇ ਚਰਚਾ ਦੀ ਬੁਨਿਆਦ ਰੱਖੀ। ਫਿਰ ਉਹ ਉਸ ਮਸਲੇ ਵੱਲ ਮੁੜਦਾ ਹੈ ਜਿਸ ਉੱਤੇ ਚਰਚਾ ਕੀਤੀ ਜਾਣੀ ਬਾਕੀ ਹੈ: ਮੂਰਤੀਆਂ ਦੇ ਮੰਦਰ ਵਿੱਚ ਮੂਰਤੀਆਂ ਨੂੰ ਭੇਟਾਂ ਕੀਤਾ ਗਿਆ ਮਾਸ ਖਾਣਾ। ਉਹ ਇਸ ਭੋਜਨ ਨੂੰ **ਮੂਰਤੀਆਂ ਦੀਆਂ ਭੇਟਾਂ** (*ਆਈਡੋਲੋਥੁਟੋਨ*) ਆਖਦਾ ਹੈ, ਪਰ ਇੱਕ ਗੈਰਮਸੀਹੀ ਭਗਤ ਇਸ ਨੂੰ "ਦੇਵਤਿਆਂ ਨੂੰ ਬਲੀ ਕੀਤਾ ਗਿਆ [ἱερόθυτον, *ਹਾਇਰੋਥੁਟੋਨ*] ਆਖਦਾ।"[7] ਜੇਕਰ ਕੋਈ ਗੈਰਮਸੀਹੀ ਭਗਤ ਪੌਲੁਸ ਦੇ ਤਰਕ ਨੂੰ ਸਮਝ ਜਾਂਦਾ ਤਾਂ ਉਸ ਨੂੰ ਇਸ ਦਾ ਬੁਰਾ ਲੱਗਣਾ ਸੀ, ਸ਼ਾਇਦ ਉਸ ਨੂੰ ਗੁੱਸਾ ਵੀ ਆ ਜਾਂਦਾ, ਕਿ ਉਸ ਨੇ ਇਸ ਨੂੰ ਦੈਵੀ ਨਹੀਂ ਆਖਿਆ। ਰਸੂਲ ਪੌਲੁਸ ਜਾਣਦਾ ਸੀ ਕਿ ਕਿਸੇ ਮੂਰਤੀ ਦੇ ਮੰਦਰ ਵਿੱਚ ਪਸ਼ੂ ਦੀ ਬਲੀ ਚੜ੍ਹਾਉਣ ਨਾਲ ਉਸ ਦਾ ਮਾਸ ਅਰਪਿਤ ਨਹੀਂ ਹੋ ਜਾਂਦਾ। ਇੱਕ ਚੰਗਾ ਯਹੂਦੀ ਜਾਂ ਮਸੀਹੀ ਤਾਂ ਸਿਰਫ ਅਪਮਾਨਜਨਕ ਤਰੀਕੇ ਨਾਲ ਇਨ੍ਹਾਂ ਨੂੰ ਮੂਰਤੀਆਂ, "ਮੂਰਤੀਆਂ ਦੀਆਂ ਭੇਟਾਂ," ਮੂਰਤੀਆਂ ਦੇ ਮੰਦਰ, ਅਤੇ ਮੂਰਤੀਆਂ ਦੀ ਪੂਜਾ ਵਰਗੇ ਸ਼ਬਦਾਂ ਦੀ ਹੀ ਵਰਤੋਂ ਕਰ ਸਕਦਾ ਸੀ।

ਨਿਰਸੰਦੇਹ ਪੌਲੁਸ ਕੋਲ ਵੀ ਉਹ ਗਿਆਨ ਸੀ ਜਿਸ ਦਾ ਦਾਅਵਾ ਕੁਰਿੰਥੁਸ ਦੇ ਮਸੀਹੀ ਕਰ ਰਹੇ ਸਨ। ਜਦ ਕੋਈ ਪਸ਼ੂ ਕਿਸੇ ਦੇਵਤਾ ਲਈ ਬਲੀ ਕੀਤਾ ਜਾਂਦਾ ਸੀ ਤਾਂ ਉਸ ਦੀ ਭੇਟਾਂ ਕਿਸੇ ਨੂੰ ਨਹੀਂ ਚੜ੍ਹਦੀ ਸੀ। ਉਹ ਦੇਵਤਾ ਤਾਂ ਗੈਰਮਸੀਹੀ ਲੋਕਾਂ ਦੀ ਕਲਪਨਾ ਦਾ ਹਿੱਸਾ ਸੀ, ਜੋ ਉਸ ਮੂਰਤੀ ਦੇ ਭਗਤ ਦੀ ਆਤਮਕ ਅਗਿਆਨਤਾ ਦਾ ਪ੍ਰਤੀਕ ਸੀ। ਪੌਲੁਸ ਨੇ ਜ਼ੋਰ ਦਿੱਤਾ ਕਿ ਅਜਿਹੇ ਦੇਵਤਿਆਂ ਦਾ **ਜਗਤ ਵਿੱਚ** ਕੋਈ ਵਜੂਦ ਨਹੀਂ ਸੀ। ਉਸ ਨੇ ਆਖਿਆ ਕਿ ਮੂਰਤੀਆਂ ਦੀ ਪੂਜਾ ਕਰਨ ਵਾਲਿਆਂ ਵਿਚਕਾਰ ਦੁਸ਼ਟ ਆਤਮਿਆਂ ਦੀਆਂ ਤਾਕਤਾਂ ਅਤੇ ਅਕਾਸ਼ ਦੀਆਂ ਅਦ੍ਰਿਸ਼ ਤਾਕਤਾਂ ਕੰਮ ਕਰਦੀਆਂ ਹਨ (10:20; ਵੇਖੋ ਕੁਲੁੱਸੀਆਂ 1:16)। ਪਰ ਫਿਰ ਵੀ ਇਨ੍ਹਾਂ ਦੇਵਤਿਆਂ ਦਾ "ਜਗਤ ਵਿੱਚ" ਕੋਈ ਵਜੂਦ ਨਹੀਂ ਹੈ; ਇਹ ਤਾਂ ਪਾਪ ਨਾਲ ਭਰੇ ਮਨ ਦੀਆਂ ਕਲਪਨਾਵਾਂ ਦਾ ਨਤੀਜਾ ਹਨ।

ਦੇਵੀ-ਦੇਵਤਿਆਂ ਦਾ ਕੋਈ ਵਜੂਦ ਨਹੀਂ ਹੁੰਦਾ; ਇੱਕਮਾਤਰ ਸੱਚਾ ਪਰਮੇਸ਼ੁਰ ਹੀ ਹਮੇਸ਼ਾ ਤੋਂ ਵਜੂਦ ਵਿੱਚ ਰਿਹਾ ਹੈ। ਯਹੂਦੀ ਮਤ ਦੀ ਬੁਨਿਆਦ ਸ਼ੇਮਾ ਸੀ: "ਹੇ ਇਸਰਾਏਲ, ਸੁਣੋ! ਯਹੋਵਾਹ ਸਾਡਾ ਪਰਮੇਸ਼ੁਰ ਇੱਕੋ ਹੀ ਯਹੋਵਾਹ ਹੈ!" (ਬਿਵਸਥਾ ਸਾਰ 6:4)। ਜ਼ਬੂਰਕਾਰ ਨੇ ਤੁਲਨਾ ਕਰਦਿਆਂ ਲਿਖਿਆ, "ਸਾਡਾ ਪਰਮੇਸ਼ੁਰ ਸੁਰਗ ਵਿੱਚ ਹੈ, ਉਹ ਨੇ ਜੋ ਚਾਹਿਆ ਸੋ ਕੀਤਾ। ਉਨ੍ਹਾਂ ਦੇ ਬੁੱਤ ਸੋਨਾ ਚਾਂਦੀ ਹੀ ਹਨ, ਓਹ ਇਨਸਾਨ ਦੇ ਹੱਥਾਂ ਦੀ ਬਨਾਵਟ ਹਨ" (ਜ਼ਬੂਰਾਂ ਦੀ ਪੋਥੀ 115:3, 4)। ਜੋਸੇਫਸ ਨੇ ਲਿਖਿਆ,

> ਸਾਰੇ ਪਦਾਰਥ, ਭਾਵੇਂ ਉਹ ਕਿੰਨੇ ਵੀ ਵੱਡਮੁੱਲੇ ਕਿਉਂ ਨਾ ਹੋਣ, ਉਸ ਦੇ ਸਰੂਪ ਨੂੰ ਢਾਲਣ ਦੇ ਯੋਗ ਨਹੀਂ ਹਨ; ਅਤੇ ਕਿਸੇ ਵੀ ਕਲਾ ਵਿੱਚ ਐਨੀ ਰਚਨਾਤਮਕਤਾ ਨਹੀਂ ਹੈ ਕਿ ਉਸ ਨੂੰ ਇਸ ਤਰ੍ਹਾਂ ਪਰਗਟ ਕਰ ਸਕੇ ਜਿਵੇਂ ਅਸੀਂ ਉਸ ਨੂੰ ਜਾਣ ਸਕਦੇ ਹਾਂ। ਅਸੀਂ ਨਾ ਤਾਂ ਉਸ ਵਰਗਾ ਕੁਝ ਵੇਖ ਸਕਦੇ ਹਾਂ ਅਤੇ ਨਾ ਹੀ ਸੋਚ ਸਕਦੇ ਹਾਂ, ਅਤੇ ਨਾ ਹੀ ਉਸ ਨੂੰ ਕਿਸੇ ਵੀ ਤਰ੍ਹਾਂ ਦਾ ਸਰੂਪ ਦਿੱਤਾ ਜਾ ਸਕਦਾ ਹੈ।[8]

**ਆਇਤ 5. ਜਿਹੜੇ ਦਿਓਤੇ ਕਰਕੇ ਸਦਾਉਂਦੇ ਹਨ** ਉਹ ਉਨ੍ਹਾਂ ਲੋਕਾਂ ਦੀ ਕਾਢ ਹਨ ਜਿਹੜੇ ਭਰਮਾਂ ਵਿੱਚ ਪਏ ਹੋਏ ਹਨ। ਮੂਰਤੀ ਪੂਜਕਾਂ ਨੇ ਆਪਣੀ ਅਗਿਆਨਤਾ ਸਦਕਾ ਇਨ੍ਹਾਂ ਦੇਵਤਿਆਂ ਵਿੱਚੋਂ ਕੁਝ ਨੂੰ **ਅਕਾਸ਼ ਵਿੱਚ** ਰੱਖਿਆ ਹੈ ਅਤੇ ਕੁਝ ਨੂੰ **ਧਰਤੀ ਉੱਤੇ।** ਉਹ ਹਰ ਥਾਂ 'ਤੇ ਵੇਖੇ ਜਾ ਸਕਦੇ ਸਨ। ਲਗਭਗ ਹਰੇਕ ਚੌਰਾਹੇ 'ਤੇ ਹੇਰਮੇਸ ਦੀਆਂ ਮਜ਼ਾਰਾਂ ਵੇਖੀਆਂ ਜਾ ਸਕਦੀਆਂ ਸਨ। ਰੁੱਖਾਂ ਦੇ ਹਰੇਕ ਝੁੰਡ, ਪਾਣੀ ਦੇ ਹਰੇਕ ਝਰਨੇ, ਅਤੇ ਹਰੇਕ ਘਰ ਦੇ ਚੁੱਲ੍ਹੇ ਦੀਆਂ ਆਪਣੀਆਂ ਪਰੀਆਂ, ਜਿੰਨ, ਪ੍ਰੇਤ ਅਤੇ ਦੁਸ਼ਟ ਆਤਮੇ ਸਨ। ਯੂਨਾਨੀ ਮਿਥਿਹਾਸ ਅਨੁਸਾਰ ਇੱਕ ਓਲਮਪਿਅਨ ਦੇਵਤਾ ਉੱਚਿਆਂ ਪਹਾੜਾਂ ਜਾਂ ਸੁਰਗਾਂ ਵਿੱਚ ਵਾਸ ਕਰਦਾ ਸੀ। ਘੱਟੋ-ਘੱਟ ਕੁਰਿੰਥੁਸ ਦੇ ਕੁਝ ਮਸੀਹੀ ਉਨ੍ਹਾਂ ਯੂਨਾਨੀ ਦੇਵਤਿਆਂ ਤੋਂ ਤਾਂ ਚੰਗੀ ਤਰ੍ਹਾਂ ਜਾਣੂ ਹੋਣਗੇ। ਅਤੀਤ ਨੂੰ ਭੁਲਾਉਣਾ ਔਖਾ ਸੀ, ਜਦ ਉਨ੍ਹਾਂ ਨੇ ਗ੍ਰੀਕੋ-ਰੋਮੀ ਸਭਿਆਚਾਰ ਦੇ **ਬਾਹਲੇ ਦਿਓਤੇ ਅਤੇ ਬਾਹਲੇ ਸੁਆਮੀ** ਪੂਜੇ ਸਨ।

**ਆਇਤ 6.** ਮੂਰਤੀਆਂ ਦੇ ਮੰਦਰਾਂ ਵਿੱਚ ਮੂਰਤੀਆਂ ਨੂੰ ਭੇਟਾਂ ਕੀਤੇ ਗਏ ਮਾਸ ਨੂੰ ਖਾਣ ਬਾਰੇ ਮਸੀਹੀ ਲੋਕ ਭਾਵੇਂ ਕਿਸੇ ਵੀ ਸਿੱਟੇ 'ਤੇ ਪੁੱਜਦੇ, ਉਨ੍ਹਾਂ ਨੂੰ ਆਪਣੇ ਵਿਹਾਰ ਨੂੰ ਇਸ ਪਰਕਾਸ਼ ਵਿੱਚ ਜਾਂਚਣ ਦੀ ਲੋੜ ਸੀ ਕਿ ਮੁੱਢਲੇ ਤੌਰ 'ਤੇ ਪਰਮੇਸ਼ੁਰ ਇੱਕੋ ਹੀ ਹੈ, ਮੁੱਢਲੇ ਤੌਰ 'ਤੇ ਮੂਰਤੀਆਂ ਦਾ ਕੋਈ ਵਜੂਦ ਨਹੀਂ ਹੈ, ਅਤੇ ਮੂਰਤੀ ਪੂਜਕ ਲੋਕ ਆਪਣੇ ਰਚੇ ਹੋਏ ਦੇਵਤਿਆਂ ਨੂੰ ਕਿੰਨੀ ਸ਼ਰਧਾ ਨਾਲ ਪੂਜਦੇ ਹਨ। ਮੂਰਤੀ ਪੂਜਕਾਂ ਦੀ ਤੁਲਨਾ ਵਿੱਚ ਮਸੀਹੀ ਲੋਕ **ਇੱਕੋ ਪਰਮੇਸ਼ੁਰ** ਨੂੰ **ਪਿਤਾ** ਵਜੋਂ ਜਾਣਦੇ ਸਨ। ਪੌਲੁਸ ਦੀ ਸਿੱਖਿਆ ਨੇ, ਕਿ ਪਰਮੇਸ਼ੁਰ, ਯਿਸੂ ਮਸੀਹ ਦਾ ਪਿਤਾ, ਇੱਕਮਾਤਰ ਪਰਮੇਸ਼ੁਰ ਹੈ ਅਤੇ ਉਹ ਸਭਨਾਂ ਦਾ ਸਿਰਜਣਹਾਰ ਹੈ, ਪੁਰਾਤਨ ਸੰਸਾਰ ਵਿੱਚ ਈਸ਼ਵਰ ਬਾਰੇ ਸਾਰੀਆਂ ਮਾਨਤਾਵਾਂ ਨੂੰ ਚੁਣੌਤੀ ਦੇ ਦਿੱਤੀ। ਇੱਕਮਾਤਰ ਪਰਮੇਸ਼ੁਰ ਦੇ ਵਜੂਦ ਦੀ ਦ੍ਰਿੜ੍ਹਤਾ ਯਹੂਦੀ ਮਤ ਅਤੇ ਮਸੀਹਤ ਵਿੱਚ ਐਨੀ ਮੁੱਢਲੀ ਸੀ ਕਿ ਇਸ ਤੱਥ ਨੂੰ ਦੁਹਰਾਇਆ ਗਿਆ (ਵੇਖੋ 8:4)। ਸਾਰੇ ਜੀਵਨ ਦਾ ਸਿਰਜਣਹਾਰ ਅਤੇ ਪਾਲਣਹਾਰ ਉਹੀ ਹੈ; ਮਸੀਹ ਵਿੱਚ **ਜਿਹ ਦੇ ਰਾਹੀਂ ਸੱਭੋ ਕੁਝ ਹੋਇਆ ਨਾਲੇ ਅਸੀਂ ਵੀ।**

ਬਾਈਬਲ ਵਿੱਚ ਇਹ ਸਿਧਾਂਤ ਸਭ ਤੋਂ ਵਧ ਮਹੱਤਵਪੂਰਣ ਹੈ ਕਿ ਇਹ ਇੱਕਮਾਤਰ ਪਰਮੇਸ਼ੁਰ ਸਿਰਜਣਹਾਰ ਹੈ, ਪਰ ਤਰਕ ਇਸ ਗੱਲ ਦੀ ਮੰਗ ਨਹੀਂ ਕਰਦਾ ਕਿ ਪਰਮੇਸ਼ੁਰ ਦੇ ਸਿਰਜਣਹਾਰ ਹੋਣ ਲਈ ਉਸ ਦਾ ਇੱਕ ਹੋਣਾ ਜ਼ਰੂਰੀ ਹੈ। ਪੁਰਾਤਨ ਲੋਕਾਂ ਦੀ ਮਾਨਤਾ ਇਹ ਸੀ ਕਿ ਬ੍ਰਹਿਮੰਡ ਨੇ ਦੇਵਤਿਆਂ ਨੂੰ ਸਿਰਜਿਆ ਹੈ, ਦੇਵਤਿਆਂ ਨੇ ਬ੍ਰਹਿਮੰਡ ਨੂੰ ਨਹੀਂ। ਪੁਰਾਤਨ ਅਕਾਦਿਅਨ ਸਰਿਸ਼ਟੀ ਦੇ ਮਿਥਿਹਾਸ *ਏਨਿਮਾ ਏਲੀਸ਼* (ਜਿਸ ਦਾ ਅਰਥ ਹੈ "ਜਦ ਉੱਚੇ 'ਤੇ") ਦੇ ਅਰੰਭਕ ਸ਼ਬਦ ਆਖਦੇ ਹਨ ਕਿ ਦੇਵਤਿਆਂ ਦੀ ਉਤਪਤ ਇੱਕ ਪ੍ਰਕਾਰ ਦੇ ਪੁਰਾਤਨ ਚਿੱਕੜ ਤੋਂ ਹੋਈ ਸੀ। ਮਨੁੱਖਜਾਤੀ ਦੇ ਮਾਪੇ ਹੋਣ ਦੀ ਬਜਾਇ ਇਨ੍ਹਾਂ ਦੇਵਤਿਆਂ ਨੇ ਮਨੁੱਖਜਾਤੀ ਦੀ ਰਚਨਾ ਇਸ ਕਰਕੇ ਕੀਤੀ ਸੀ ਕਿ ਉਹ ਇਨ੍ਹਾਂ ਦੇਵਤਿਆਂ ਦੀ ਸੇਵਾ ਕਰਨ।

ਅਕਾਦਿਅਨ ਮਿਥਿਹਾਸ ਦੇ ਅਨੁਸਾਰ ਇਨ੍ਹਾਂ ਦੇਵਤਿਆਂ ਨੂੰ ਮਨੁੱਖਾਂ ਦੇ ਕਸ਼ਟ ਵੇਖ ਕੇ ਜਾਂ ਤਾਂ ਮਜ਼ਾ ਆਉਂਦਾ ਸੀ ਜਾਂ ਫਿਰ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ ਸੀ।[9] ਪੌਲੁਸ ਦੀ ਸਿੱਖਿਆ ਨੇ, ਕਿ ਪਰਮੇਸ਼ੁਰ, ਯਿਸੂ ਮਸੀਹ ਦਾ ਪਿਤਾ, ਇੱਕਮਾਤਰ ਪਰਮੇਸ਼ੁਰ ਹੈ ਅਤੇ ਉਹ ਸਭਨਾਂ ਦਾ ਸਿਰਜਣਹਾਰ ਹੈ, ਪੁਰਾਤਨ ਸੰਸਾਰ ਵਿੱਚ ਈਸ਼ਵਰ ਬਾਰੇ ਸਾਰੀਆਂ ਮਾਨਤਾਵਾਂ ਨੂੰ ਚੁਣੌਤੀ ਦੇ ਦਿੱਤੀ।

ਪੌਲੁਸ ਦੇ ਅਨੁਸਾਰ ਮੂਰਤੀਆਂ ਮਨੁੱਖੀ ਕਲਪਨਾ ਦਾ ਨਤੀਜਾ ਹਨ। ਉਨ੍ਹਾਂ ਦੀ ਉਤਪਤ ਹੰਕਾਰ ਅਤੇ ਅਗਿਆਨਤਾ ਦੇ ਕਾਰਨ ਹੋਈ ਸੀ। ਇਸਰਾਏਲ ਦੇ ਪਰਮੇਸ਼ੁਰ ਦਾ ਗਿਆਨ ਉਸ ਦੇ ਆਪਣੇ ਪਰਕਾਸ਼ ਤੋਂ ਹੀ ਪ੍ਰਾਪਤ ਹੁੰਦਾ ਹੈ। ਪਰਮੇਸ਼ੁਰ ਪਿਤਾ ਦੀ ਤੁਲਨਾ ਕੌਮਾਂ ਦੇ ਦੇਵਤਿਆਂ ਨਾਲ ਨਹੀਂ ਕੀਤੀ ਜਾਣੀ ਚਾਹੀਦੀ। ਨਿਰਪੱਖ ਪਰਮੇਸ਼ੁਰ ਵਜੋਂ ਉਸ ਨੇ ਇਸਰਾਏਲ ਅਤੇ ਬਾਕੀ ਕੌਮਾਂ ਨੂੰ ਇੱਕੋ ਜਿਹਾ ਪ੍ਰੇਮ ਕੀਤਾ (ਰਸੂਲਾਂ ਦੇ ਕਰਤੱਬ 10:34; ਰੋਮੀਆਂ 2:11)। ਪਰਮੇਸ਼ੁਰ ਸਭ ਪ੍ਰਕਾਰ ਦੇ ਜੀਵਨ ਦਾ ਪਾਲਣਹਾਰ ਹੈ; **ਅਸੀਂ ਉਹ ਦੇ ਲਈ ਹਾਂ** ਅਤੇ “ਉਸ ਦੇ ਦੁਆਰਾ ਹਾਂ।”

ਪਰਮੇਸ਼ੁਰ ਦੇ ਇੱਕ ਹੋਣ ਨਾਲ ਸਮਝੌਤਾ ਕੀਤੇ ਬਿਨਾ ਪੌਲੁਸ ਅਗਾਂਹ ਵਧਦਿਆਂ ਆਖਦਾ ਹੈ ਕਿ **ਇੱਕੋ ਪ੍ਰਭੂ ਹੈ ਜੋ ਯਿਸੂ ਮਸੀਹ ਹੈ।** ਯਿਸੂ ਮਸੀਹ ਦੀ ਪ੍ਰਭੁਤਾ ਪਰਮੇਸ਼ੁਰ ਦੇ ਇੱਕ ਹੋਣ ਨੂੰ ਗਲਤ ਨਹੀਂ ਠਹਿਰਾਉਂਦੀ। ਸਭਨਾਂ ਵਸਤਾਂ ਦਾ ਸਰੋਤ ਪਰਮੇਸ਼ੁਰ ਹੈ, ਪਰ ਯਿਸੂ ਮਸੀਹ ਬਾਰੇ ਵੀ ਇਹ ਕਹਿਣਾ ਸਹੀ ਹੈ, “ਜਿਸ ਦੇ ਦੁਆਰਾ ਸਭ ਵਸਤਾਂ ਹੋਂਦ ਵਿੱਚ ਹਨ।” ਪਿਤਾ ਬਾਰੇ ਜੋ ਆਖਿਆ ਜਾ ਸਕਦਾ ਹੈ ਉਹੀ ਪੁੱਤਰ ਬਾਰੇ ਵੀ ਆਖਿਆ ਜਾ ਸਕਦਾ ਹੈ। ਕਿਉਂ ਜੋ ਇਹ ਆਖਣਾ ਸਹੀ ਹੈ ਕਿ ਮਨੁੱਖਜਾਤੀ ਪਰਮੇਸ਼ੁਰ ਦੇ ਲਈ ਹੋਂਦ ਵਿੱਚ ਹੈ, ਇਸ ਕਰਕੇ ਇਹ ਆਖਣਾ ਵੀ ਸਹੀ ਹੈ ਕਿ “ਅਸੀਂ ਮਸੀਹ ਦੇ ਦੁਆਰਾ ਹੋਂਦ ਵਿੱਚ ਹਾਂ।” ਹਾਲਾਂਕਿ ਨਵਾਂ ਨੇਮ “ਤ੍ਰਿਏਕਤਾ” ਸ਼ਬਦ ਦੀ ਵਰਤੋਂ ਨਹੀਂ ਕਰਦਾ, ਤਾਂ ਵੀ ਇਹ ਧਾਰਣਾ ਮਹੱਤਵਪੂਰਣ ਹੈ। ਨਵਾਂ ਨੇਮ ਸਾਰੀ ਉਸਤਤ ਪਰਮੇਸ਼ੁਰ ਲਈ ਰਾਖਵੀਂ ਰੱਖਣਾ ਦੀ ਬਜਾਇ ਮਸੀਹ ਦੀ ਪੂਰੀ ਵਡਿਆਈ ਕਰਦਾ ਹੈ। ਯਿਸੂ ਆਦ ਤੋਂ ਵਜੂਦ ਵਿੱਚ ਪਰਮੇਸ਼ੁਰ ਹੈ (ਯੂਹੰਨਾ 1:1)। ਉਸ ਵਿੱਚ ਪਰਮੇਸ਼ੁਰ ਦੀ ਸਾਰੀ ਭਰਪੂਰੀ ਹੈ (ਕੁਲੁੱਸੀਆਂ 2:9)।

ਪੌਲੁਸ ਪਰਮੇਸ਼ੁਰ ਦੇ ਮਸੀਹ ਦਾ ਵੇਰਵਾ ਪੇਸ਼ ਕਰਨ ਲਈ ਰੂਪਕ ਦੀ ਵਰਤੋਂ ਕਰਦਾ ਹੈ; ਉਸ ਨੂੰ ਬੁੱਧੀ ਦੇ ਸਰੂਪ ਵਿੱਚ ਦਰਸਾਇਆ ਗਿਆ ਹੈ। ਇਸ ਰੂਪਕ ਨੂੰ ਵਧੇਰੇ ਸਪੱਸ਼ਟਤਾ ਨਾਲ ਕੁਲੁੱਸੀਆਂ 1:15-17 ਵਿੱਚ ਵੇਖਿਆ ਜਾ ਸਕਦਾ ਹੈ। ਅਜਿਹਾ ਜਾਪਦਾ ਹੈ ਕਿ ਪੌਲੁਸ ਦੁਆਰਾ ਪੇਸ਼ ਕੀਤਾ ਗਿਆ ਯਿਸੂ ਦਾ ਵੇਰਵਾ ਪੁਰਾਣੇ ਨੇਮ ਵਿੱਚੋਂ ਬੁੱਧੀ ਦੀ ਸ਼ਖਸੀਅਤ ਤੋਂ ਲਿਆ ਗਿਆ ਹੈ, ਖਾਸ ਕਰਕੇ ਕਹਾਉਤਾਂ ਦੀ ਪੁਸਤਕ ਵਿੱਚੋਂ। ਟਿੱਪਣੀਕਾਰ ਇਸ ਸ਼ਖਸੀਅਤ ਨੂੰ “ਇਸਤਰੀ ਰੂਪੀ ਬੁੱਧੀ” ਵਜੋਂ ਦਰਸਾਉਂਦੇ ਹਨ।[10] ਯਿਸੂ ਬਾਰੇ ਨਬੂਵਤੀ ਸ਼ਬਦਾਂ ਵਿੱਚ ਸੱਚਾਈ ਨੂੰ ਬਿਆਨ ਕਰਦਿਆਂ ਬੁੱਧੀ ਨੇ ਐਲਾਨ ਕੀਤਾ, “ਯਹੋਵਾਹ ਨੇ ਆਪਣੇ ਕੰਮ ਦੇ ਅਰੰਭ ਵਿੱਚ, ਸਗੋਂ ਆਪਣੇ ਪਰਾਚੀਨ ਕਾਲ ਦੇ ਕੰਮਾਂ ਤੋਂ ਵੀ ਪਹਿਲਾਂ ਮੈਨੂੰ ਰਚਿਆ। ਆਦ ਤੋਂ ਸਗੋਂ ਮੁੱਢੋਂ ਹੀ ਮੈਂ ਥਾਪੀ ਗਈ, ਧਰਤੀ ਦੇ ਹੋਣ ਤੋਂ ਪਹਿਲਾਂ” (ਕਹਾਉਤਾਂ 8:22, 23)। ਪੌਲੁਸ ਨੇ ਬੁੱਧੀ ਦੀਆਂ ਵਿਸ਼ੇਸ਼ਤਾਵਾਂ ਨੂੰ ਯਿਸੂ ਨਾਸਰੀ ਦੇ ਲਈ ਇਸਤੇਮਾਲ ਕਰਦਿਆਂ ਲਿਖਿਆ, “ਉਹ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸਰਿਸ਼ਟ ਵਿੱਚੋਂ ਜੇਠਾ ਹੈ। ਕਿਉਂ ਜੋ . . . ਸਾਰੀਆਂ ਵਸਤਾਂ ਉਸੇ ਤੋਂ ਉਤਪਤ ਹੋਈਆਂ” (ਕੁਲੁੱਸੀਆਂ 1:15, 16)। ਬੁੱਧੀ ਦੀ ਤਰ੍ਹਾਂ ਹੀ ਯਿਸੂ ਵੀ ਆਦ ਤੋਂ ਹੀ ਹੈ; ਅਤੇ ਬੁੱਧੀ ਦੀ ਤਰ੍ਹਾਂ ਹੀ ਸਾਰੀ ਸਰਿਸ਼ਟੀ ਦੀ

ਰਚਨਾ ਉਸੇ ਦੇ ਦੁਆਰਾ ਹੋਈ ਹੈ।

ਪੌਲੁਸ ਨੇ 8:1 ਵਿੱਚ ਜੋ ਆਖਿਆ ਸੀ ਉਸ ਉੱਤੇ ਦੁਬਾਰਾ ਜ਼ੋਰ ਦਿੰਦਿਆਂ ਉਸ ਗਿਆਨ ਦੀ ਗੱਲ ਕੀਤੀ ਜਿਹੜਾ ਇਸ ਪੱਤਰ ਦੇ ਪ੍ਰਾਪਤ ਕਰਨ ਵਾਲਿਆਂ ਕੋਲ ਵੀ ਸੀ: ਉਨ੍ਹਾਂ ਨੂੰ ਮੂਰਤੀ ਪੂਜਾ ਦੀ ਆਸ਼ਾਹੀਣਤਾ ਅਤੇ ਅਗਿਆਨਤਾ ਨੂੰ ਸਮਝਣ ਦੀ ਲੋੜ ਸੀ। ਇਹ ਸੱਚ ਸੀ ਕਿ ਮੂਰਤੀਆਂ ਨੂੰ ਭੇਟਾਂ ਕੀਤਾ ਗਿਆ ਭੋਜਨ ਖਾਣ, ਸ਼ਾਇਦ ਮੂਰਤੀਆਂ ਦੇ ਮੰਦਰ ਵਿੱਚ ਮੂਰਤੀਆਂ ਨਾਲ ਸੰਬੰਧਤ ਰਸਮਾਂ ਵਿੱਚ ਹਿੱਸਾ ਲੈਣ ਨਾਲ (8:10) ਉਨ੍ਹਾਂ ਨੂੰ ਕੋਈ ਨਤੀਜੇ ਨਾ ਭੋਗਣੇ ਪੈਣ ਜੋ ਜਾਣਦੇ ਸਨ ਕਿ ਮੂਰਤੀਆਂ ਕੁਝ ਵੀ ਨਹੀਂ ਹਨ। ਪਰ ਪੌਲੁਸ ਨੇ ਗੌਰ ਕੀਤਾ ਕਿ ਮਸੀਹੀ ਲੋਕ ਇਕਾਂਤ ਵਿੱਚ ਜੀਵਨ ਬਤੀਤ ਨਹੀਂ ਕਰਦੇ; ਹਰੇਕ ਮਸੀਹੀ ਵਿਅਕਤੀ ਵਿਸ਼ਵਾਸੀਆਂ ਦੇ ਸਮਾਜ ਵਿੱਚ ਆਪਣਾ ਕੋਈ ਨਾ ਕੋਈ ਯੋਗਦਾਨ ਜ਼ਰੂਰ ਦਿੰਦਾ ਹੈ। ਬਾਅਦ ਵਿੱਚ ਉਸ ਨੇ ਇਹ ਵੀ ਲਿਖਿਆ ਕਿ ਅਸੀਂ “ਇੱਕ ਇੱਕ ਕਰਕੇ ਇੱਕ ਦੂਜੇ ਦੇ ਅੰਗ ਹਾਂ” (ਰੋਮੀਆਂ 12:5)। ਅੱਜ ਦੇ ਮਸੀਹੀਆਂ ਨੂੰ ਪੌਲੁਸ ਦਿਆਂ ਇਨ੍ਹਾਂ ਉਪਦੇਸ਼ਾਂ ਤੋਂ ਸਿੱਖਣ ਦੀ ਲੋੜ ਹੈ। ਪਾਪਾਂ ਦੀ ਮਾਫੀ ਵਿੱਚ ਹਿੱਸਾ ਲੈਣਾ ਅਤੇ ਸਦੀਪਕ ਜੀਵਨ ਦੀ ਆਸ ਵਿੱਚ ਸਾਂਝੀ ਹੋਣਾ ਯਿਸੂ ਮਸੀਹ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਨਾਲੋਂ ਕਿਤੇ ਵਧ ਕੇ ਹੈ। ਇਨ੍ਹਾਂ ਲਾਭਾਂ ਦੇ ਨਾਲ ਸਮਾਜ ਵਿੱਚ ਜੀਉਣ ਦੀਆਂ ਜ਼ਿੰਮੇਵਾਰੀਆਂ ਵੀ ਆਉਂਦੀਆਂ ਹਨ। ਇੱਕ ਵਿਹਾਰ ਦੇ ਨਤੀਜਿਆਂ ਦਾ ਪ੍ਰਭਾਵ ਸਾਰੇ ਸਰੀਰ ਉੱਤੇ ਪੈਂਦਾ ਹੈ।

## ਗਿਆਨ ਅਤੇ ਇਸ ਦੀਆਂ ਹੱਦਾਂ (8:7-13)

ਪੌਲੁਸ ਇਸ ਗੱਲ ਉੱਤੇ ਜ਼ੋਰ ਦੇ ਚੁੱਕਾ ਸੀ ਕਿ ਗਿਆਨ ਮਹੱਤਵਪੂਰਣ ਹੋਣ ਦੇ ਬਾਵਜੂਦ ਪ੍ਰੇਮ ਤੋਂ ਉੱਚਾ ਨਹੀਂ ਹੋ ਸਕਦਾ ਸੀ (8:1)। ਉਹ ਇਸ ਦਾ ਉਦਾਹਰਣ ਦੇਣਾ ਚਾਹੁੰਦਾ ਸੀ ਕਿ ਕਿਵੇਂ ਗਿਆਨ ਉੱਤੇ ਨਿਰਭਰਤਾ ਪ੍ਰੇਮ ਉੱਤੇ ਹਾਵੀ ਹੋ ਜਾਂਦੀ ਹੈ। ਜਿਹੜੇ ਮਸੀਹੀ ਲੋਕ ਮੂਰਤੀਆਂ ਨੂੰ ਭੇਟਾਂ ਕੀਤਾ ਗਿਆ ਮਾਸ ਖਾਣ ਨੂੰ ਸਹੀ ਠਹਿਰਾਉਣ ਲਈ ਗਿਆਨ ਦਾ ਸਹਾਰਾ ਲੈ ਰਹੇ ਸਨ, ਉਹ ਅਜਿਹਾ ਕਰਕੇ ਆਪਣੇ ਭਾਈਆਂ ਦੇ ਪ੍ਰਤੀ ਪ੍ਰੇਮ ਨੂੰ ਅਣਦੇਖਾ ਕਰ ਰਹੇ ਸਨ। ਉਸ ਨੇ ਉਨ੍ਹਾਂ ਨੂੰ ਝਿੜਕਿਆ, ਕਿਉਂਕਿ ਮਸੀਹੀ ਹੋਣ ਦਾ ਅਰਥ ਹੀ ਹੈ ਸਮਾਜ ਦਾ ਹਿੱਸਾ ਹੋਣਾ। ਨਵਾਂ ਨੇਮ ਇਕਾਂਤ ਵਿੱਚ ਵੱਸਦੀ ਇਕੱਲੇ ਵਿਅਕਤੀਆਂ ਦੀ ਮਸੀਹਤ ਦੀ ਸਿੱਖਿਆ ਨਹੀਂ ਦਿੰਦਾ।

ਕੋਈ ਵੀ ਵਿਅਕਤੀ ਵਿਸ਼ਵਾਸੀਆਂ ਦੇ ਸਮਾਜ ਵਿੱਚ ਹਿੱਸਾ ਲਏ ਬਿਨਾ “ਮਸੀਹ ਵਿੱਚ” ਨਹੀਂ ਹੋ ਸਕਦਾ। ਮਸੀਹ ਦੇ ਚੇਲੇ ਰਲ਼ ਕੇ ਉਸ ਦੀ ਦੇਹੀ, ਕਲੀਸਿਆ ਬਣਦੇ ਹਨ (ਅਫ਼ਸੀਆਂ 1:22, 23)। ਕਲੀਸਿਆ ਤੋਂ ਵੱਖਰਾ ਹੋਇਆ ਇੱਕ ਮਸੀਹੀ ਰੁੱਖ ਨਾਲੋਂ ਟੁੱਟੀ ਟਾਹਣੀ ਵਾਂਗ ਹੈ (ਯੂਹੰਨਾ 15:1-6); ਇਹ ਫਲਦਾਈ ਨਹੀਂ ਹੋ ਸਕਦੀ। ਇਸ ਕਰਕੇ ਜਦ ਕੋਈ ਵਿਸ਼ਵਾਸੀ ਕਿਸੇ ਮੂਰਤੀ ਦੇ ਮੰਦਰ ਵਿੱਚ ਬੈਠਦਾ ਸੀ, ਤਾਂ ਉਸ ਵੇਲੇ ਚਿੰਤਾ ਦਾ ਵਿਸ਼ਾ ਉਸ ਦਾ ਗਿਆਨ ਜਾਂ ਫਿਰ ਗਿਆਨ ਦੀ ਘਾਟ ਨਹੀਂ ਸੀ। ਇੱਕ ਵਿਸ਼ਵਾਸੀ ਜੋ ਕਰਦਾ ਹੈ, ਉਹ ਸਾਰੀ ਕਲੀਸਿਆ ਦੀ ਪਛਾਣ ਬਣ ਜਾਂਦਾ ਹੈ। ਇੱਕ ਵਿਅਕਤੀ ਦਾ ਵਿਹਾਰ ਸਿਰਫ ਉਸ ਵਿੱਚ ਅਤੇ ਪ੍ਰਭੂ ਵਿੱਚ ਨਹੀਂ ਰਹਿੰਦਾ। ਇੱਕ ਮਸੀਹੀ ਦੇ ਕੰਮਾਂ ਦਾ ਪ੍ਰਭਾਵ ਸਾਰੀ ਦੇਹੀ ਉੱਤੇ ਪੈਂਦਾ ਹੈ।

ਪੌਲੁਸ ਨੇ ਕਲੀਸਿਆ ਵਿੱਚ ਕੁਝ ਲੋਕਾਂ ਨੂੰ ਮੂਰਤੀਆਂ ਦੇ ਮੰਦਰਾਂ ਵਿੱਚ ਮੂਰਤੀਆਂ ਨੂੰ ਭੇਟਾਂ ਕੀਤਾ ਗਿਆ ਮਾਸ ਖਾਣ ਲਈ ਇਸ ਕਰਕੇ ਵੀ ਝਿੜਕਿਆ ਸੀ ਕਿਉਂਕਿ ਅਜਿਹਾ

ਕਰਕੇ ਉਹ ਦੁਸ਼ਟ ਆਤਮਿਆਂ ਦੀ ਮੇਜ਼ ਵਿੱਚ ਸ਼ਾਮਲ ਹੋ ਰਹੇ ਸਨ (ਵੇਖੋ 10:14-21)। ਇਸਰਾਏਲ ਦਾ ਲੰਮਾ ਇਤਹਾਸ ਇਸ ਗੱਲ ਦਾ ਗਵਾਹ ਹੈ ਕਿ ਮੂਰਤੀ ਪੂਜਕਾਂ ਵਿੱਚ ਘਿਰੇ ਰਹਿਣ ਦਾ ਇੱਕ ਨਤੀਜਾ ਮੂਰਤੀ ਪੂਜਾ ਹੋ ਸਕਦਾ ਹੈ। ਕਲੀਸਿਆ ਵਿੱਚ ਮੂਰਤੀ ਪੂਜਾ ਦੇ ਨਾਲ ਸਿੱਧੇ ਸਮਝੌਤੇ ਦੀ ਕੋਈ ਥਾਂ ਨਹੀਂ ਹੈ। ਮੂਰਤੀ ਪੂਜਕਾਂ ਦੇ ਨਾਲ ਬੈਠ ਕੇ ਮਾਸ ਖਾਣ ਨਾਲ ਇਹ ਭਾਈ ਉਨ੍ਹਾਂ ਨਤੀਜਿਆਂ ਦਾ ਸਾਹਮਣਾ ਕਰ ਸਕਦੇ ਸਨ ਜਿਨ੍ਹਾਂ ਦਾ ਸਾਹਮਣਾ ਇਸਰਾਏਲੀਆਂ ਨੇ ਕੀਤਾ ਸੀ। ਇੱਕ ਦੂਜੇ ਦੇ ਨਾਲ ਅਤੇ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੇ ਸੰਬੰਧ ਦਾ ਮਾਰਗ ਦਰਸ਼ਕ ਪ੍ਰੇਮ ਹੋਣਾ ਚਾਹੀਦਾ ਸੀ। ਪੌਲੁਸ ਕੁਰਿੰਥੁਸ ਦੇ ਮਸੀਹੀਆਂ ਨੂੰ ਇਹ ਚੇਤੇ ਕਰਾਉਣਾ ਚਾਹੁੰਦਾ ਸੀ ਕਿ ਗਿਆਨ ਕਿਸੇ ਵੀ ਤਰ੍ਹਾਂ ਦੀਆਂ ਮੂਰਤੀ ਪੂਜਕ ਰਸਮਾਂ ਵਿੱਚ ਸ਼ਾਮਲ ਹੋਣ ਨੂੰ ਸਹੀ ਨਹੀਂ ਠਹਿਰਾ ਸਕਦਾ ਸੀ। ਮਸੀਹ ਦੀ ਸੇਵਾ ਕਰਨ ਵਾਲਿਆਂ ਵਿੱਚ ਅਜਿਹੇ ਚਾਲ ਚਲਣ ਦੀ ਕੋਈ ਥਾਂ ਨਹੀਂ ਸੀ।

**ਨਿਤਾਣੇ ਭਾਈ ਦਾ ਅੰਤਹਕਰਣ (8:7, 8)**

ਪੌਲੁਸ ਨੇ 1 ਕੁਰਿੰਥਿਆਂ ਵਿੱਚ ਵਿਸਥਾਰ ਨਾਲ ਸਮਝਾਇਆ ਹੈ ਕਿ ਮੂਰਤੀਆਂ ਅਸਲ ਵਿੱਚ ਦੁਸ਼ਟ ਆਤਮਿਆਂ ਦੀ ਨੁਮਾਇੰਦਗੀ ਕਰਦੀਆਂ ਹਨ। ਪਰ ਇਸ ਵੇਲੇ ਉਸ ਦੀ ਮੁੱਖ ਚਿੰਤਾ ਇਹ ਸੀ ਕਿ ਵਿਸ਼ਵਾਸੀਆਂ ਦੇ ਆਪਸੀ ਸੰਬੰਧ ਅਤੇ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੇ ਸੰਬੰਧ ਦਾ ਮੁੱਢ ਪ੍ਰੇਮ ਹੋਵੇ। ਨਾ ਤਾਂ ਇੱਥੇ ਅਤੇ ਨਾ ਹੀ ਹੋਰ ਕਿਤੇ ਪੌਲੁਸ ਨੇ ਅਜਿਹਾ ਕੋਈ ਸੰਕੇਤ ਦਿੱਤਾ ਕਿ ਉਹ ਨਿਰਬਲ ਮਸੀਹੀਆਂ ਅਤੇ ਤਕੜੇ ਮਸੀਹੀਆਂ ਵਿਚਕਾਰ ਉੱਠੇ ਕਿਸੇ ਵਿਵਾਦ ਨਾਲ ਨਜਿੱਠ ਰਿਹਾ ਹੈ। ਉਸ ਦਾ ਉਦੇਸ਼ ਕੁਰਿੰਥੁਸ ਦੇ ਮਸੀਹੀਆਂ ਦੀ ਇਸ ਮਾਨਤਾ ਦਾ ਸਾਹਮਣਾ ਕਰਨਾ ਸੀ ਕਿ ਜਿਸ ਗਿਆਨ ਦਾ ਉਹ ਦਾਅਵਾ ਕਰਦੇ ਸਨ ਉਹ ਦੇਵਤਿਆਂ ਨੂੰ ਸਮਰਪਤ ਗੈਰਮਸੀਹੀ ਰਸਮਾਂ ਵਿੱਚ ਉਨ੍ਹਾਂ ਦੇ ਸ਼ਾਮਲ ਹੋਣ ਨੂੰ ਸਹੀ ਠਹਿਰਾ ਸਕਦਾ ਹੈ। ਪੌਲੁਸ ਅਜਿਹੇ ਵਿਹਾਰ ਨੂੰ ਪਰਵਾਨਗੀ ਨਹੀਂ ਦੇ ਸਕਦਾ ਸੀ।

**7ਪਰ ਸਭਨਾਂ ਨੂੰ ਇਹ ਇਲਮ ਨਹੀਂ ਸਗੋਂ ਕਈਕੁ ਜਿਹੜੇ ਹੁਣ ਤੀਕ ਮੂਰਤੀ ਨਾਲ ਗਿੱਝੇ ਹੋਏ ਹਨ ਉਹ ਨੂੰ ਮੂਰਤੀ ਦੀ ਭੇਟ ਦਾ ਮਾਸ ਕਰਕੇ ਖਾ ਲੈਂਦੇ ਹਨ ਅਤੇ ਉਨ੍ਹਾਂ ਦਾ ਅੰਤਹਕਰਨ ਨਿਤਾਣਾ ਹੋ ਕੇ ਮਲੀਨ ਹੋ ਜਾਂਦਾ ਹੈ। 8ਪਰ ਭੋਜਨ ਸਾਨੂੰ ਪਰਮੇਸ਼ੁਰ ਦੇ ਅੱਗੇ ਨਹੀਂ ਸਲਾਹੇਗਾ। ਜੇ ਨਾ ਖਾਈਏ ਸਾਨੂੰ ਕੁਝ ਘਾਟਾ ਨਹੀਂ ਅਤੇ ਜੇ ਖਾਈਏ ਤਾਂ ਕੁਝ ਵਾਧਾ ਨਹੀਂ।**

**ਆਇਤ 7. ਪਰ** ਯੂਨਾਨੀ ਦੇ ਇੱਕ ਸੰਯੋਜਕ ἀλλά (*ਆਲਾ*) ਦਾ ਅਨੁਵਾਦ ਹੈ ਜੋ ਤੁਲਨਾ ਨੂੰ ਪੇਸ਼ ਕਰਦਾ ਹੈ ਅਤੇ ਆਮਤੌਰ 'ਤੇ "ਪਰੰਤੂ" ਵਜੋਂ ਅਨੁਵਾਦ ਕੀਤਾ ਜਾਂਦਾ ਹੈ। ਇਸ ਨੀਂਹ ਨੂੰ ਰੱਖ ਕੇ ਪੌਲੁਸ ਉਸ ਉੱਤੇ ਉਸਾਰੀ ਕਰਨ ਲਈ ਤਿਆਰ ਸੀ।

ਨਾ ਤਾਂ ਪੌਲੁਸ ਅਤੇ ਨਾ ਹੀ ਕੁਰਿੰਥੁਸ ਦੇ ਮਸੀਹੀ ਅਤੀਤ ਵਿੱਚ ਆਏ ਪਰਮੇਸ਼ੁਰ ਦੇ ਸੰਦੇਸ਼ ਨਾਲ ਅਸਹਿਮਤ ਹੋ ਰਹੇ ਸਨ। ਪ੍ਰਧਾਨ ਨਬੀਆਂ ਵਿੱਚੋਂ ਇੱਕ, ਯਿਰਮਿਯਾਹ, ਨੇ ਤਾਂ ਇੱਥੇ ਤੱਕ ਆਖਿਆ ਇਹ ਝੂਠੇ ਦੇਵੀ-ਦੇਵਤੇ ਐਨੇ ਬੇਸਹਾਰਾ ਸਨ ਕਿ ਉਨ੍ਹਾਂ ਦੀਆਂ ਮੂਰਤੀਆਂ ਨੂੰ ਕਿੱਲਾਂ ਨਾਲ ਪੱਕਾ ਕਰਨਾ ਪੈਂਦਾ ਸੀ ਮਤੇ ਉਹ ਡਿੱਗ ਪੈਣ। ਉਹ ਖੀਰਿਆਂ ਦੇ ਖੇਤਾਂ ਵਿੱਚ ਖੜੇ ਬੁੱਤਾਂ ਵਰਗੇ ਸਨ (ਯਿਰਮਿਯਾਹ 10:4, 5)। ਇਸਰਾਏਲ ਦੇ ਪਰਮੇਸ਼ੁਰ ਦੇ ਉਲਟ ਇਹ ਘਿਰਣਿਤ ਮੂਰਤੀਆਂ ਮਸੀਹੀਆਂ ਜਾਂ ਗੈਰਮਸੀਹੀਆਂ ਉੱਤੇ ਨਾ ਤਾਂ ਸਰਾਪ

ਲਿਆ ਸਕਦੀਆਂ ਸਨ ਅਤੇ ਨਾ ਹੀ ਅਸੀਸਾਂ (ਯਸਾਯਹ 45:7; NRSV)। ਪਰ ਇਹ ਸਭ ਜਾਣਨ ਨਾਲ ਇਹ ਲੋੜ ਖਤਮ ਨਹੀਂ ਹੋ ਜਾਂਦੀ ਕਿ ਮਸੀਹੀ ਲੋਕ ਜਨਤਕ ਅਤੇ ਨਿੱਜੀ ਤੌਰ ’ਤੇ ਇੱਕਮਾਤਰ ਪਰਮੇਸ਼ੁਰ ਦੀ ਸਾਖੀ ਭਰਨ, ਜੋ ਕਿ ਸਭਨਾਂ ਦਾ ਸਿਰਜਣਹਾਰ ਅਤੇ ਪ੍ਰਭੂ ਹੈ। ਲੋਕਾਂ ਦੁਆਰਾ ਕੀਤੇ ਜਾਣ ਵਾਲੇ ਕੁਝ ਕੰਮ ਮੂਰਤੀ ਪੂਜਾ ਵਿੱਚ ਉਨ੍ਹਾਂ ਦੀ ਸਾਂਝੇਦਾਰੀ ਨੂੰ ਦਰਸਾਉਂਦੇ ਹਨ; ਆਪਣੇ ਮਨਾਂ ਵਿੱਚ ਮੂਰਤੀ ਪੂਜਾ ਤੋਂ ਵੱਖਰੇ ਹੋ ਜਾਣ ਵਾਲੇ ਲੋਕ ਮੂਰਤੀਆਂ ਦੇ ਮੰਦਰਾਂ ਵਿੱਚ ਭੋਜਨ ਖਾਣ ਦੁਆਰਾ ਗ੍ਰੀਕੋ-ਰੋਮੀ ਮੂਰਤੀਆਂ ਦੀ ਪੂਜਾ ਵਿੱਚ ਸ਼ਾਮਲ ਹੋ ਰਹੇ ਸਨ।

ਮਸੀਹੀ ਪ੍ਰਭਾਵ ਦੇ ਮਸਲੇ ਦੇ ਕਾਰਨ ਸਿਰਫ ਗਿਆਨ ਮੂਰਤੀ ਪੂਜਾ ਵਿੱਚ ਸ਼ਾਮਲ ਹੋਣ ਨੂੰ ਸਹੀ ਨਹੀਂ ਠਹਿਰਾ ਸਕਦਾ ਸੀ। ਭਾਵੇਂ ਪੌਲੁਸ ਇਹ ਵੀ ਮੰਨ ਲੈਂਦਾ ਕਿ ਕੁਝ ਲੋਕਾਂ ਦਾ ਗਿਆਨ ਉਸ ਨਾਲੋਂ ਬਿਹਤਰ ਸੀ, ਤਾਂ ਵੀ ਇਹ ਗੱਲ ਸੱਚ ਰਹਿਣੀ ਸੀ ਕਿ **ਸਭਨਾਂ ਨੂੰ ਇਹ ਇਲਮ ਨਹੀਂ।** ਹਰੇਕ ਵਿਅਕਤੀ ਨੂੰ ਇਹ ਸੋਚਣ ਦੀ ਲੋੜ ਹੈ ਕਿ ਉਸ ਦੇ ਕੰਮਾਂ ਦਾ ਦੂਜਿਆਂ ਉੱਤੇ ਕੀ ਪ੍ਰਭਾਵ ਪੈਂਦਾ ਹੈ। ਪੌਲੁਸ ਕਿਸੇ ਉੱਤੇ ਇਹ ਦੋਸ਼ ਨਹੀਂ ਲਗਾ ਰਿਹਾ ਸੀ ਕਿ ਉਹ “ਨਿਰਬਲ” ਹਨ। ਲੋਕਾਂ ਦੀ ਚੰਗੀ ਜਾਣਕਾਰੀ ਹੋਣ ਦੇ ਕਾਰਨ ਪੌਲੁਸ ਸਿਆਣ ਗਿਆ ਸੀ ਕਿ ਮਸੀਹ ਨੂੰ ਪ੍ਰਭੂ ਮੰਨਣ ਵਾਲੇ ਕੁਝ ਲੋਕ ਇਹ ਸਿੱਟਾ ਕੱਢ ਸਕਦੇ ਸਨ ਕਿ ਮੂਰਤੀ ਪੂਜਾ ਨੂੰ ਮਸੀਹਤ ਵਿੱਚ ਪਰਵਾਨਗੀ ਦਿੱਤੀ ਗਈ ਸੀ ਕਿਉਂਕਿ ਉਨ੍ਹਾਂ ਕੁਝ ਸਤਿਕਾਰਯੋਗ ਮਸੀਹੀ ਭੈਣਾਂ ਅਤੇ ਭਰਾਵਾਂ ਨੂੰ ਮੂਰਤੀਆਂ ਦੇ ਮੰਦਰਾਂ ਵਿੱਚ ਕੁਝ ਰਸਮਾਂ ਦੀ ਪਾਲਣਾ ਕਰਦੇ ਵੇਖਿਆ ਸੀ। ਮੂਰਤੀਆਂ ਦੇ ਮੰਦਰਾਂ ਵਿੱਚ ਬੈਠ ਕੇ ਮਾਸ ਖਾਣ ਵਾਲੇ ਮਸੀਹੀ ਲੋਕ ਆਪਣੇ ਸੰਗੀ ਮਸੀਹੀਆਂ ਉੱਤੇ ਇੱਕ ਪ੍ਰਭਾਵ ਪਾਉਣ ਦੇ ਨਾਲ-ਨਾਲ ਗੈਰਮਸੀਹੀਆਂ ਦੇ ਵਿਸਤ੍ਰਿਤ ਸਮਾਜ ਉੱਤੇ ਵੀ ਇੱਕ ਪ੍ਰਭਾਵ ਛੱਡ ਰਹੇ ਸਨ। ਉਨ੍ਹਾਂ ਨੂੰ ਵੇਖਣ ਵਾਲੇ ਲੋਕ ਇਹ ਸਿੱਟਾ ਕੱਢ ਸਕਦੇ ਸਨ ਕਿ ਮਸੀਹ ਬਸ ਇੱਕ ਹੋਰ ਦੇਵਤਾ ਹੈ ਜਿਸ ਨੂੰ ਨਗਰ ਦੇ ਆਮ ਜੀਵਨ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

ਜੇਕਰ ਕੋਈ ਮਸੀਹੀ ਇੱਕ ਗਲਤ ਉਦਾਹਰਣ ਪੇਸ਼ ਕਰ ਰਿਹਾ ਹੈ ਤਾਂ ਨੁਕਸਾਨ ਉਨ੍ਹਾਂ ਲੋਕਾਂ ਦਾ ਹੋਵੇਗਾ ਜੋ **ਉਹ ਨੂੰ ਮੂਰਤੀ ਦੀ ਭੇਟ ਦਾ ਮਾਸ ਕਰਕੇ ਖਾ ਲੈਂਦੇ ਹਨ।**[11] **ਉਨ੍ਹਾਂ ਦਾ ਅੰਤਹਕਰਨ ਮਲੀਨ** ਹੋ ਜਾਵੇਗਾ ਕਿਉਂਕਿ ਉਹ **ਨਿਤਾਣਾ** ਸੀ। ਪੌਲੁਸ ਵੱਲੋਂ ਇਸਤੇਮਾਲ ਕੀਤੇ ਗਏ ਅੰਤਹਤਰਨ ਨੂੰ ਇਹ ਨਿੱਕੀ ਅਤੇ ਸ਼ਾਂਤ ਅਵਾਜ਼ ਨਹੀਂ ਸਮਝਿਆ ਜਾਣਾ ਚਾਹੀਦਾ ਜੋ ਕਿਸੇ ਵਿਅਕਤੀ ਦੇ ਕੁਝ ਕੰਮਾਂ ਨੂੰ ਪਰਵਾਨਗੀ ਦੇਣ ਅਤੇ ਹੋਰਨਾਂ ਨੂੰ ਗਲਤ ਠਹਿਰਾਉਣ ਲਈ ਦਿੱਤੀ ਗਈ ਹੈ। ਕਿਸੇ ਵਿਅਕਤੀ ਨੂੰ ਮੂਰਤੀਆਂ ਦੇ ਮੰਦਰਾਂ ਵਿੱਚ ਭੋਜਨ ਖਾਂਦਾ ਵੇਖ ਕੇ ਕਿਸੇ ਦਾ ਅੰਤਹਕਰਨ “ਮਲੀਨ” ਕਿਵੇਂ ਹੋ ਸਕਦਾ ਹੈ? ਅੰਤਹਕਰਨ ਵਿੰਨ੍ਹਿਆ ਤਾਂ ਜਾ ਸਕਦਾ ਹੈ ਪਰ ਇਹ ਮਲੀਨ ਕਿਵੇਂ ਹੋ ਸਕਦਾ ਹੈ?

ਪੌਲੁਸ ਦੇ ਸਮੇਂ ਦੇ ਲੋਕਾਂ ਲਈ “ਅੰਤਹਕਰਨ” (συνείδησις, *ਸੁਨੇਇਡੇਸਿਸ*) ਦੇ ਮਹੱਤਵਪੂਰਣ ਸਮਾਜਕ ਮਾਇਨੇ ਸਨ। ਇਹ ਸ਼ਬਦ ਉਨ੍ਹਾਂ ਨੂੰ ਨਾ ਸਿਰਫ *“ਸਹੀ ਅਤੇ ਗਲਤ ਵਿੱਚ ਭਿੰਨਤਾ ਕਰਨ ਦੀ ਅੰਦਰੂਨੀ ਕਾਬਲੀਅਤ”*[12] (ਵੇਖੋ ਰੋਮੀਆਂ 2:15) ਬਾਰੇ ਚੇਤੇ ਕਰਾਉਂਦਾ ਸੀ, ਪਰ ਇਹ ਉਨ੍ਹਾਂ ਨੂੰ ਉਨ੍ਹਾਂ ਪਰਿਵਾਰਿਕ ਮੈਂਬਰਾਂ, ਗੁਆਂਢੀਆਂ, ਅਤੇ ਮਿੱਤਰਾਂ ਦੀ ਯਾਦ ਵੀ ਦਿਵਾਉਂਦਾ ਸੀ ਜਿਹੜੇ ਉਨ੍ਹਾਂ ਦੀ ਇਸ ਅੰਦਰੂਨੀ ਵਿਚਾਰਧਾਰਾ ਨਾਲ ਸਹਿਮਤ ਹੁੰਦੇ ਹਨ। ਅੰਤਹਕਰਨ ਵਿੱਚ ਲੋਕਾਂ ਵੱਲੋਂ ਮਿਲਣ ਵਾਲੀ ਪਰਵਾਨਗੀ ਜਾਂ ਨਿਖੇਧੀ ਵੀ ਸ਼ਾਮਲ ਹੁੰਦੀ ਸੀ: “ਇੱਕ ਸਮੂਹ-ਕੇਂਦਰਿਤ ਸਮਾਜ ਵਿੱਚ . . . ਇੱਕ ਵਿਅਕਤੀ ਦਾ

ਅੰਤਹਕਰਨ ਉਸ ਦੇ ਨਾਲ ਵੱਸਣ ਵਾਲੇ ਮਨੁੱਖਾਂ ਦੀ ਸਲਾਹ, ਰਿਵਾਜ਼ਾਂ, ਰਸਮਾਂ, ਵਡਿਆਈ, ਅਤੇ ਨਿੰਦਾ ਨੂੰ ਵੀ ਦਰਸਾਉਂਦਾ ਹੈ।"[13]

ਜਿਹੜਾ ਵਿਸ਼ਵਾਸੀ ਅਜੇ ਤੱਕ ਇੱਕਮਾਤਰ ਪਰਮੇਸ਼ੁਰ ਦੀ ਪੂਰਣ ਸੱਚਾਈ ਨੂੰ ਸਮਝ ਨਹੀਂ ਸਕਿਆ ਸੀ ਜਦ ਉਹ ਕਿਸੇ ਮਸੀਹੀ ਨੂੰ ਮੂਰਤੀਆਂ ਦੇ ਮੰਦਰਾਂ ਵਿੱਚ ਭੋਜਨ ਖਾਂਦਿਆਂ ਵੇਖਦਾ ਸੀ ਤਾਂ ਇਸ ਨੂੰ ਉਸ ਦੇ ਆਪਣੇ ਦੁਆਰਾ ਮੂਰਤੀ ਪੂਜਕ ਰਸਮਾਂ ਵਿੱਚ ਸ਼ਾਮਲ ਹੋਣ ਦੀ ਪਰਵਾਨਗੀ ਵਜੋਂ ਵੇਖਦਾ ਸੀ। ਇਸ ਤਰ੍ਹਾਂ ਜਿਹੜਾ ਮਸੀਹੀ ਦਾਅਵਾ ਕਰਦਾ ਸੀ ਕਿ ਉਸ ਦਾ ਗਿਆਨ ਉਸ ਨੂੰ ਮੂਰਤੀਆਂ ਦੇ ਮੰਦਰਾਂ ਵਿੱਚ ਭੋਜਨ ਖਾਣ ਦੀ ਇਜਾਜ਼ਤ ਦੇ ਰਿਹਾ ਹੈ, ਉਹ ਦੂਜੇ ਵਿਅਕਤੀ ਦੇ ਅੰਤਹਕਰਨ ਨੂੰ ਮਲੀਨ ਕਰ ਰਿਹਾ ਸੀ।

**ਆਇਤ 8.** ਪੌਲੁਸ ਨੇ ਤਰਕ ਪੇਸ਼ ਕੀਤਾ ਕਿ **ਭੋਜਨ ਸਾਨੂੰ ਪਰਮੇਸ਼ੁਰ ਦੇ ਅੱਗੇ ਨਹੀਂ ਸਲਾਹੇਗਾ।** ਪੌਲੁਸ ਨੇ ਇੱਥੇ "ਭੋਜਨ" (βρῶμα, *ਬ੍ਰੋਮਾ*) ਲਈ ਜਿਸ ਸ਼ਬਦ ਦੀ ਵਰਤੋਂ ਕੀਤੀ ਹੈ ਉਹ ਜਾਤੀਗਤ ਹੈ; ਇਸ ਦਾ ਅਰਪਿਤ ਮਾਸ ਨਾਲ ਜਾਂ ਫਿਰ ਕਿਸੇ ਵੀ ਤਰ੍ਹਾਂ ਦੇ ਮਾਸ ਨਾਲ ਕੋਈ ਸੰਬੰਧ ਨਹੀਂ ਹੈ। ਪੌਲੁਸ ਇਸ ਗੱਲ ਨਾਲ ਸਹਿਮਤ ਹੋ ਰਿਹਾ ਸੀ ਕਿ ਵਿਸ਼ਵਾਸੀ ਜਿਸ ਤਰ੍ਹਾਂ ਦਾ ਵੀ ਭੋਜਨ ਖਾਏ ਉਸ ਨਾਲ ਉਸ ਦੇ ਭਗਤੀਪੂਰਣ ਜੀਵਨ ਉੱਤੇ ਕੋਈ ਅਸਰ ਨਹੀਂ ਪਵੇਗਾ। ਅਸੀਂ **ਜੇ ਨਾ ਖਾਈਏ ਸਾਨੂੰ ਕੁਝ ਘਾਟਾ ਨਹੀਂ ਅਤੇ ਜੇ ਖਾਈਏ ਤਾਂ ਕੁਝ ਵਾਧਾ ਨਹੀਂ।** ਕਿਉਂ ਜੋ ਗ੍ਰੀਕੋ-ਰੋਮੀ ਸਮਾਜ ਨਗਰਾਂ ਵਿੱਚ ਸਿਰਫ ਖਾਸ ਅਵਸਰਾਂ 'ਤੇ ਹੀ ਮਾਸ ਖਾਧਾ ਜਾਂਦਾ ਸੀ, ਇਸ ਕਰਕੇ ਜਿਹੜੇ ਲੋਕ ਮੂਰਤੀਆਂ ਦੇ ਮੰਦਰਾਂ ਵਿੱਚ ਜਾਣਾ ਛੱਡ ਦਿੰਦੇ ਉਹ ਸ਼ਾਇਦ ਪੂਰੀ ਤਰ੍ਹਾਂ ਮਾਸ ਖਾਣਾ ਵੀ ਛੱਡ ਦਿੰਦੇ। ਜੇਰੋਮ ਮਰਫੀ-ਓਕੋਨੋਰ ਨੇ ਗ੍ਰੀਕੋ-ਰੋਮੀ ਸੰਸਾਰ ਤੋਂ ਇਹ ਪ੍ਰਮਾਣ ਪੇਸ਼ ਕੀਤੇ ਕਿ ਮਾਸ ਸਿਰਫ ਖਾਸ ਅਵਸਰਾਂ 'ਤੇ ਹੀ ਖਾਧਾ ਜਾਂਦਾ ਸੀ:

> ਕੁਰਿੰਥੁਸ (ਅਤੇ ਹੋਰਨਾਂ ਇਲਾਕਿਆਂ) ਵਿੱਚ ਸਸਤੇ ਰੇਟਾਂ 'ਤੇ ਮਾਸ ਸਿਰਫ ਮੂਰਤੀਆਂ ਨਾਲ ਸੰਬੰਧਤ ਤਿਉਹਾਰਾਂ 'ਤੇ ਹੀ ਮਿਲਦਾ ਸੀ। ਥੋੜੇ ਜਿਹੇ ਸਮੇਂ ਵਿੱਚ ਹੀ ਐਨੇ ਜ਼ਿਆਦਾ ਬਲੀਦਾਨ ਚੜ੍ਹਾਏ ਜਾਂਦੇ ਸਨ ਕਿ ਨਾ ਤਾਂ ਭਗਤ ਅਤੇ ਨਾ ਹੀ ਪੂਜਾਰੀ ਸਾਰਾ ਮਾਸ ਖਾ ਕੇ ਮੁਕਾ ਸਕਦੇ ਸਨ।[14]

ਪੌਲੁਸ ਮਸੀਹੀ ਲੋਕਾਂ ਤੋਂ ਸਮਾਜਕ ਅਵਸਰ, ਦਾਅਵਤਾਂ, ਜਾਂ ਪ੍ਰੀਤੀ ਭੋਜ ਖੋਹਣਾ ਨਹੀਂ ਚਾਹੁੰਦਾ ਸੀ। ਪਰ ਨਾਲ ਹੀ ਉਸ ਨੇ ਉਨ੍ਹਾਂ ਨੂੰ ਇਹ ਵੀ ਚੇਤੇ ਕਰਾਇਆ ਕਿ ਮੂਰਤੀਆਂ ਦੇ ਮੰਦਰਾਂ ਵਿੱਚ ਭੋਜਨ ਖਾਣਾ ਕੋਈ ਬਹੁਤ ਵੱਡਾ ਆਤਮ-ਬਲੀਦਾਨ ਨਹੀਂ ਸੀ। ਅਜਿਹੇ ਮਾਸ ਨੂੰ ਖਾਣ ਤੋਂ ਇਨਕਾਰ ਕਰਨਾ ਉਨ੍ਹਾਂ ਦੇ ਲਈ ਆਤਮਕ ਲਾਭਾਂ ਦਾ ਜ਼ਰੀਆ ਸੀ। ਮੂਰਤੀਆਂ ਦੇ ਮੰਦਰਾਂ ਵਿੱਚ ਭੋਜਨ ਖਾਣ ਦੀਆਂ ਰਸਮਾਂ ਦਾ ਤਿਆਗ ਕਰਕੇ ਆਉਣ ਵਾਲੇ ਸਮਾਜਕ ਜਾਂ ਆਰਥਿਕ ਨਤੀਜਿਆਂ ਨੂੰ ਉਨ੍ਹਾਂ ਮਸੀਹੀਆਂ ਦੁਆਰਾ ਸਵੀਕਾਰ ਕਰਨਾ ਪੈਣਾ ਸੀ।

ਇਸ ਤਰ੍ਹਾਂ ਵਿਆਹ ਅਤੇ ਨੈਤਿਕਤਾ ਨਾਲ ਸੰਬੰਧਤ ਪ੍ਰਸ਼ਨ ਮਾਸ ਖਾਣ ਦੇ ਪ੍ਰਸ਼ਨ ਨਾਲ ਮੇਲ ਖਾਂਦੇ ਸਨ। ਨਾ ਤਾਂ ਜਿਨਸੀ ਸੰਬੰਧ ਅਤੇ ਨਾ ਹੀ ਮਾਸ ਖਾਣਾ ਆਪਣੇ ਆਪ ਵਿੱਚ ਗਲਤ ਸੀ; ਹਾਲਾਤ ਇਨ੍ਹਾਂ ਕੰਮਾਂ ਨੂੰ ਸਹੀ ਜਾਂ ਗਲਤ ਠਹਿਰਾਉਂਦੇ ਸਨ (ਵੇਖੋ ਪਰਕਾਸ਼ 2:14)। ਸਾਵਧਾਨੀ ਨਾਲ ਪੜ੍ਹ ਕੇ ਇਹ ਸਪੱਸ਼ਟ ਹੋ ਜਾਂਦਾ ਕਿ ਪੌਲੁਸ ਨਿਰਬਲ ਅਤੇ ਤਕੜੇ ਮਸੀਹੀਆਂ ਵਿਚਕਾਰ ਉੱਠੇ ਝਗੜੇ ਦਾ ਫੈਸਲਾ ਨਹੀਂ ਕਰਵਾ ਰਿਹਾ ਸੀ। ਸਗੋਂ ਉਹ ਤਾਂ ਉਨ੍ਹਾਂ ਲੋਕਾਂ ਦਾ ਸਾਹਮਣਾ ਕਰ ਰਿਹਾ ਸੀ ਜੋ ਆਪਣੇ ਗਿਆਨ ਦਾ ਹਵਾਲਾ ਦੇ ਕੇ ਅਜਿਹੀਆਂ

ਰਸਮਾਂ ਵਿੱਚ ਸ਼ਾਮਲ ਹੋਣ ਨੂੰ ਸਹੀ ਠਹਿਰਾ ਰਹੇ ਸਨ ਜਿਹੜੇ ਅਸਲ ਵਿੱਚ ਮੂਰਤੀ ਪੂਜਾ ਦੇ ਬਰਾਬਰ ਸਨ।

## ਫੈਸਲਾ ਕਿਸੇ ਦੇ ਲਈ ਠੋਕਰ ਦਾ ਕਾਰਨ ਨਾ ਹੋਵੇ (8:9-13)

**9ਪਰ ਸੁਚੇਤ ਰਹੋ ਭਈ ਤੁਹਾਡਾ ਇਹ ਹੱਕ ਕਿਤੇ ਨਿਤਾਣਿਆਂ ਲਈ ਠੋਕਰ ਲਾਉਣ ਦਾ ਕਾਰਨ ਨਾ ਹੋਵੇ। 10ਕਿਉਂਕਿ ਜੇ ਕੋਈ ਤੈਨੂੰ ਜਿਹੜਾ ਇਲਮ ਰੱਖਦਾ ਹੈਂ ਮੂਰਤੀ ਦੇ ਮੰਦਰ ਵਿੱਚ ਬੈਠਿਆਂ ਖਾਂਦਾ ਵੇਖੇ ਤਾਂ ਜੇ ਉਹ ਨਿਤਾਣਾ ਹੈ ਕੀ ਉਹ ਦਾ ਅੰਤਹਕਰਨ ਮੂਰਤੀਆਂ ਦੀ ਭੇਟਾਂ ਦੇ ਖਾਣ ਨੂੰ ਦਿਲੇਰ ਨਹੀਂ ਹੋਵੇਗਾ? 11ਤੇਰੇ ਇਲਮ ਦੇ ਕਾਰਨ ਉਹ ਜੋ ਨਿਤਾਣਾ ਹੈ ਨਾਸ ਹੁੰਦਾ ਅਰਥਾਤ ਉਹ ਭਾਈ ਜਿਹ ਦੇ ਲਈ ਮਸੀਹ ਮੋਇਆ। 12ਅਤੇ ਐਉਂ ਭਾਈਆਂ ਦਾ ਪਾਪ ਕਰ ਕੇ ਉਨ੍ਹਾਂ ਦੇ ਅੰਤਹਕਰਨ ਨੂੰ ਜਦੋਂ ਉਹ ਨਿਤਾਣਾ ਹੈ ਸੱਟ ਲਾ ਕੇ ਤੁਸੀਂ ਮਸੀਹ ਦਾ ਪਾਪ ਕਰਦੇ ਹੋ। 13ਇਸੇ ਕਰਕੇ ਜੇ ਭੋਜਨ ਮੇਰੇ ਭਾਈ ਨੂੰ ਠੋਕਰ ਖੁਆਵੇ ਤਾਂ ਮੈਂ ਅੰਤ ਸਮੇਂ ਤੀਕ ਕਦੇ ਵੀ ਬਲੀ ਨਹੀਂ ਖਾਵਾਂਗਾ ਤਾਂ ਐਉਂ ਨਾ ਹੋਵੇ ਜੋ ਮੈਂ ਆਪਣੇ ਭਾਈ ਨੂੰ ਠੋਕਰ ਖੁਆਵਾਂ।**

**ਆਇਤ 9.** ਜਦਕਿ ਪੌਲੁਸ ਨੇ ਪਰਮੇਸ਼ੁਰ ਦੀ ਪ੍ਰੇਰਣਾ ਨਾਲ 8:8 ਵਿੱਚ ਇੱਕ ਵਾਜਿਬ ਗੱਲ ਲਿਖੀ, ਤਾਂ ਵੀ ਉਸ ਨੇ ਇਹ ਜ਼ਰੂਰ ਆਖਿਆ ਕਿ ਉਸ ਦੇ ਪਾਠਕ ਇਸ ਪ੍ਰਸ਼ਨ ਦੇ ਇੱਕ ਮਹੱਤਵਪੂਰਣ ਪੱਖ ਨੂੰ ਨਹੀਂ ਵੇਖ ਪਾ ਰਹੇ ਸਨ। ਇਹ ਸੱਚ ਹੈ ਕਿ ਭੋਜਨ ਵਿਸ਼ਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਪਰਮੇਸ਼ੁਰ ਦੇ ਅੱਗੇ ਨਹੀਂ ਸਲਾਹੇਗਾ। ਕਿਸੇ ਵਿਅਕਤੀ ਦੁਆਰਾ ਕੁਝ ਖਾਣਾ ਜਾਂ ਨਾ ਖਾਣਾ ਉਸ ਦੀ ਭਗਤੀ ਉੱਤੇ ਪ੍ਰਭਾਵ ਨਹੀਂ ਪਾਉਂਦਾ, ਪਰ **ਹੱਕ** ਜਾਂ ਅਧਿਕਾਰ (ἐξουσία, *ਏਕਸੋਉਸਿਆ*) ਦੀ ਮੰਗ ਕਿਸੇ ਵਿਅਕਤੀ ਨੂੰ ਦੂਜਿਆਂ ਦੇ ਲਈ ਪ੍ਰੇਮ ਤੋਂ ਖਾਲੀ ਨਾ ਕਰ ਦੇਵੇ (8:1)। ਜਦ ਕਿਸੇ ਵੱਲੋਂ ਆਪਣੀ "ਸੁਤੰਤਰਤਾ" ਵਿੱਚ ਕੀਤੇ ਗਏ ਕੰਮ **ਨਿਤਾਣਿਆਂ ਲਈ ਠੋਕਰ ਲਾਉਣ ਦਾ ਕਾਰਨ** ਬਣਦੇ ਹਨ, ਤਾਂ ਉਸ ਵਿਅਕਤੀ ਨੂੰ ਸਿਆਣ ਜਾਣਾ ਚਾਹੀਦਾ ਹੈ ਕਿ ਉਸ ਦਾ ਗਿਆਨ ਬਿਹਤਰ ਨਹੀਂ ਹੈ। ਜਿਹੜਾ ਮਸੀਹੀ ਇਹ ਆਖ ਕੇ ਆਪਣੇ ਕੰਮਾਂ ਨੂੰ ਸਹੀ ਠਹਿਰਾਉਂਦਾ ਹੈ ਕਿ ਉਸ ਕੋਲ ਇਹ ਕੰਮ ਕਰਨ ਦਾ ਅਧਿਕਾਰ ਹੈ, ਖਾਸਤੌਰ 'ਤੇ ਜਦ ਉਸ ਦੇ ਕੰਮ ਦੂਜਿਆਂ ਦੇ ਵਿਸ਼ਵਾਸ ਨੂੰ ਨਿਰਬਲ ਕਰਦੇ ਅਤੇ ਵਿਸ਼ਵਾਸੀਆਂ ਦੀ ਏਕਤਾ ਨੂੰ ਘਟਾਉਂਦੇ ਹਨ, ਤਾਂ ਉਸ ਵਿਅਕਤੀ ਵਿੱਚ ਪ੍ਰੇਮ ਨਾਲ ਸੰਬੰਧਤ ਇੱਕ ਵੱਡੀ ਸਮੱਸਿਆ ਹੈ।

**ਆਇਤ 10.** ਜਦ ਕੁਰਿੰਥੁਸ ਦੇ ਮਸੀਹੀ ਜ਼ੋਰ ਦੇ ਰਹੇ ਸਨ ਕਿ ਮੂਰਤੀਆਂ ਦੇ ਵਿਅਰਥ ਹੋਣ ਦੇ ਉਨ੍ਹਾਂ ਦੇ ਗਿਆਨ ਦੇ ਕਾਰਨ ਮੂਰਤੀ ਪੂਜਾ ਦਾ ਉਨ੍ਹਾਂ ਉੱਤੇ ਕੋਈ ਅਸਰ ਨਹੀਂ ਪਵੇਗਾ, ਤਾਂ ਪੌਲੁਸ ਨੇ ਉਨ੍ਹਾਂ ਨੂੰ ਜਵਾਬ ਦਿੱਤਾ ਕਿ ਮੂਰਤੀ ਪੂਜਾ ਨੂੰ ਲੈ ਕੇ ਉਨ੍ਹਾਂ ਦੀ ਸਮਝ ਬਹੁਤ ਛੋਟੀ ਹੈ। ਹਾਲਾਂਕਿ ਉਨ੍ਹਾਂ ਦੇ ਤਰਕ ਸੈਧਾਂਤਿਕ ਤੌਰ 'ਤੇ ਸਹੀ ਸਨ, ਪਰ ਉਨ੍ਹਾਂ ਦੇ ਕੰਮ ਨਿਰਬਲ ਮਸੀਹੀ ਭੈਣਾਂ ਅਤੇ ਭਾਈਆਂ ਨੂੰ ਮੂਰਤੀ ਪੂਜਾ ਕਰਨ ਲਈ ਹੱਲਾਸ਼ੇਰੀ ਦੇ ਰਹੇ ਸਨ। ਜਿਨ੍ਹਾਂ ਲੋਕਾਂ ਨੇ ਮਸੀਹ ਨੂੰ ਮੁਕਤੀਦਾਤਾ ਸਵੀਕਾਰ ਕਰ ਲਿਆ ਸੀ ਅਤੇ ਉਸ ਦੀ ਆਗਿਆਕਾਰੀ ਕਰਦਿਆਂ ਬਪਤਿਸਮਾ ਵੀ ਲੈ ਲਿਆ ਸੀ, ਉਨ੍ਹਾਂ ਨੂੰ ਤੋਬਾ ਦੇ ਸੰਬੰਧ ਵਿੱਚ ਲਗਾਤਾਰ ਸੰਘਰਸ਼ ਕਰਨਾ ਪੈ ਰਿਹਾ ਸੀ: ਉਹ ਮੂਰਤੀ ਪੂਜਾ ਅਤੇ ਸੱਚੇ ਪਰਮੇਸ਼ੁਰ ਦੀ ਅਰਾਧਨਾ ਨੂੰ ਵੱਖਰਾ ਕਰਨ ਵਾਲੀ ਰੇਖਾ ਦੇ ਬਹੁਤ ਨੇੜੇ ਰਹਿ ਰਹੇ ਸਨ। ਇਸ ਮਾਨਤਾ ਨੂੰ

ਤਿਆਗਣਾ ਸੌਖਾ ਨਹੀਂ ਸੀ ਕਿ ਦੇਵੀ-ਦੇਵਤਿਆਂ ਦੀਆਂ ਆਤਮਾਵਾਂ ਸੰਸਾਰ ਵਿੱਚ ਕੰਮ ਕਰਦੀਆਂ ਹਨ। ਪੌਲੁਸ ਨੇ ਇਹ ਵਾਇਦਾ ਕਿਤੇ ਨਹੀਂ ਕੀਤਾ ਸੀ ਕਿ ਮਸੀਹ ਦੇ ਮਗਰ ਤੁਰਦਿਆਂ ਉਨ੍ਹਾਂ ਦਾ ਸੰਸਾਰ ਦੇ ਨਾਲ ਕਦੇ ਸਾਹਮਣਾ ਨਹੀਂ ਹੋਵੇਗਾ। ਆਪਣੇ ਕਿਸੇ ਸੰਗੀ ਮਸੀਹੀ ਨੂੰ **ਮੂਰਤੀ ਦੇ ਮੰਦਰ ਵਿੱਚ ਬੈਠਿਆਂ ਖਾਂਦਾ** ਵੇਖ ਕੇ **ਨਿਤਾਣੇ** ਭਾਈ ਦੇ ਅੰਦਰ ਇਹ ਦਿਲੇਰੀ ਆ ਸਕਦੀ ਸੀ ਕਿ ਉਹ ਪਵਿੱਤਰਤਾਈ ਅਤੇ ਪਰਮੇਸ਼ੁਰ ਦੀ ਪ੍ਰਭੁਸੱਤਾ ਨਾਲ ਸਮਝੌਤਾ ਕਰ ਲਵੇ। ਜਿਹੜੇ ਲੋਕ ਆਪਣੇ ਆਪ ਨੂੰ ਗਿਆਨਵਾਨ ਸਮਝ ਰਹੇ ਸਨ, ਉਹ "ਨਿਰਬਲ" ਭਾਈਆਂ ਨੂੰ ਗਲਤ ਰਾਹੇ ਪਾ ਕੇ ਅਤੇ ਉਨ੍ਹਾਂ ਦੀ ਨਿਹਚਾ ਨਾਲ ਸਮਝੌਤਾ ਕਰਨ ਦਾ ਕਾਰਨ ਦੇ ਕੇ ਉਨ੍ਹਾਂ ਦੇ **ਅੰਤਹਕਰਨ** ਨੂੰ ਮਲੀਨ ਕਰ ਰਹੇ ਸਨ। ਜਿਹੜੇ ਆਪਣੇ ਗਿਆਨ ਦਾ ਸਹਾਰਾ ਲੈ ਰਹੇ ਸਨ ਉਹ ਹੋਰਨਾਂ ਨੂੰ ਮੂਰਤੀ ਪੂਜਾ ਵਿੱਚ ਸ਼ਾਮਲ ਹੋਣ ਲਈ **ਦਿਲੇਰ** (οἰκοδομηθήσεται, *ਓਇਕੋਡੋਮੇਥੇਸੇਟਾਈ*) ਹੋਣ ਦਾ ਕਾਰਨ ਦੇ ਰਹੇ ਸਨ। ਭਵਿੱਖਕਾਲ ਦੀ ਅਕਰਮਕ ਕਿਰਿਆ ਦੇ ਨਾਲ ਪੌਲੁਸ ਦਾ ਇਹ ਕਥਨ ਸ਼ਾਬਦਿਕ ਤੌਰ 'ਤੇ ਆਖਦਾ ਹੈ ਕਿ **ਮੂਰਤੀਆਂ ਦੀ ਭੇਟਾਂ ਦੇ ਖਾਣ ਨੂੰ** ਨਿਰਬਲ ਭਾਈ ਦਾ "[ਅੰਤਹਕਰਨ] ਤਕੜਾ ਹੁੰਦਾ ਜਾਵੇਗਾ।"

**ਆਇਤ 11.** ਸਦੀਪਕਤਾ ਦੇ ਵਿਚਾਰ ਪੌਲੁਸ ਦੇ ਮਨ ਵਿੱਚੋਂ ਕਦੇ ਦੂਰ ਨਹੀਂ ਹੋਏ ਸਨ। ਉਹ ਅਕਸਰ ਆਪਣਾ ਧਿਆਨ ਧਰਤੀ ਦੀਆਂ ਵਿਅਰਥ ਗੱਲਾਂ ਤੋਂ ਹਟਾ ਕੇ ਪਰਮੇਸ਼ੁਰ ਦੇ ਨਿਆਉਂ ਵੱਲ ਲਗਾਉਂਦਾ ਸੀ, ਜਦ ਹਰੇਕ ਵਿਅਕਤੀ ਉਸ ਹਰੇਕ ਕੰਮ ਦਾ "ਜੋ ਕੁਝ ਉਹ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇਗਾ" (2 ਕੁਰਿੰਥੀਆਂ 5:10)। 1 ਕੁਰਿੰਥੀਆਂ 8:11 ਦੇ ਅਨੁਸਾਰ ਜਿਸ ਨਿਤਾਣੇ ਮਸੀਹੀ ਨੇ ਦੂਜੇ ਦੇ ਗਿਆਨ ਵਿੱਚ ਭਰੋਸਾ ਕਰਕੇ ਮੂਰਤੀਆਂ ਦੇ ਮੰਦਰਾਂ ਵਿੱਚ ਮਾਸ ਖਾਣ ਨੂੰ ਸਹੀ ਮੰਨ ਲਿਆ, ਉਹ ਨਿਆਉਂ ਦੇ ਦਿਨ **ਨਾਸ** ਹੋ ਜਾਵੇਗਾ। ਪੌਲੁਸ ਨੇ ਉਸ ਭਾਈ ਦੇ ਨਾਸ ਹੋਣ ਉੱਤੇ ਜ਼ੋਰ ਪਾਉਣ ਲਈ ਕਿਰਿਆ "ਨਾਸ ਹੁੰਦਾ" (ἀπόλλυται, *ਅਪੋੱਲੁਟਾਈ*) ਨੂੰ ਵਾਕ ਦੇ ਪਹਿਲੇ ਹਿੱਸੇ ਵਿੱਚ ਰੱਖਿਆ ਹੈ। ਨਾਲ ਹੀ ਉਹ ਇਸ ਗੱਲ 'ਤੇ ਵੀ ਜ਼ੋਰ ਦੇ ਰਿਹਾ ਸੀ ਕਿ ਉਹ ਉਸ **ਭਾਈ** ਬਾਰੇ ਗੱਲ ਕਰ ਰਿਹਾ ਹੈ **ਜਿਹ ਦੇ ਲਈ ਮਸੀਹ ਮੋਇਆ। ਤੇਰੇ** (σός, *ਸੋਸ*) ਸ਼ਬਦ ਇੱਕ ਤਕੜਾ ਸੰਬੰਧਵਾਚਕ ਪੜਨਾਵ ਹੈ। ਜਿਹੜੇ ਲੋਕ ਮੂਰਤੀ ਪੂਜਾ ਨੂੰ ਸਹੀ ਠਹਿਰਾਉਣ ਲਈ ਆਪਣੇ ਗਿਆਨ ਦਾ ਦਾਅਵਾ ਕਰ ਰਹੇ ਸਨ, ਉਨ੍ਹਾਂ ਦੇ ਲਈ ਪੌਲੁਸ ਦੇ ਪ੍ਰਸ਼ਨ ਇਹ ਸਨ ਕਿ "ਕੀ ਤੁਸੀਂ ਆਪਣੇ **ਇਲਮ** ਦੇ ਕਾਰਨ ਉਸ ਉਦੇਸ਼ ਨੂੰ ਵਿਫਲ ਹੋ ਜਾਣ ਦਿਓਗੇ ਜਿਸ ਦੇ ਲਈ ਮਸੀਹ ਮੋਇਆ ਸੀ? ਕੀ ਤੁਹਾਡੇ ਹੱਕ ਦੀ ਮੰਗ ਦਾ ਅਰਥ ਤੁਹਾਡੇ ਲਈ ਇਹੋ ਹੈ? ਕੀ ਤੁਹਾਡੇ ਭਾਈ ਦਾ ਨਾਸ ਤੁਹਾਡੇ ਲਈ ਐਨੀ ਛੋਟੀ ਗੱਲ ਹੈ? ਕੀ ਕੋਈ ਵਿਅਕਤੀ ਆਪਣੇ ਨਿੱਜੀ ਫਾਇਦਿਆਂ ਨੂੰ ਮਸੀਹ ਦੀ ਦੇਹੀ ਦੇ ਸਲਾਮਤੀ ਨਾਲੋਂ ਵਧ ਮਹੱਤਵ ਦੇ ਸਕਦਾ ਹੈ?"

**ਆਇਤ 12.** ਪੌਲੁਸ ਦਰਸਾ ਰਿਹਾ ਸੀ ਕਿ ਇੱਕ ਮਸੀਹੀ ਦਾ ਪਰਮੇਸ਼ੁਰ ਦੇ ਨਾਲ ਸੰਬੰਧ ਮਸੀਹ ਦੀ ਦੇਹੀ ਦੇ ਹੋਰਨਾਂ ਮੈਂਬਰਾਂ ਦੇ ਨਾਲ ਉਸ ਦੇ ਸੰਬੰਧ ਨਾਲ ਜੁੜਿਆ ਹੋਇਆ ਹੈ। ਕਲੀਸਿਆ ਦਾ ਅਰਥ ਹੈ ਪਰਮੇਸ਼ੁਰ ਦੇ ਲੋਕਾਂ ਦਾ ਸਮਾਜ (ਕੁਲੁੱਸੀਆਂ 1:24)। ਮਸੀਹ ਨੂੰ ਕਬੂਲ ਕਰਨ ਦਾ ਅਰਥ ਇੱਕ ਨਵੀਂ ਜੀਵਨਸ਼ੈਲੀ ਨੂੰ ਅਪਣਾਉਣਾ ਹੈ। ਪੌਲੁਸ ਨੇ ਆਖਿਆ, **ਐਉਂ ਭਾਈਆਂ ਦਾ ਪਾਪ ਕਰ ਕੇ ਉਨ੍ਹਾਂ ਦੇ ਅੰਤਹਕਰਨ ਨੂੰ ਜਦੋਂ ਉਹ ਨਿਤਾਣਾ ਹੈ ਸੱਟ ਲਾ ਕੇ ਤੁਸੀਂ ਮਸੀਹ ਦਾ ਪਾਪ ਕਰਦੇ ਹੋ।**

ਰਸੂਲ ਨੇ ਸ਼ਾਇਦ ਦੰਮਿਸਕ ਦੇ ਰਾਹ ਉੱਤੇ ਹੋਏ ਆਪਣੇ ਤਜਰਬੇ ਨੂੰ ਚੇਤੇ ਕੀਤਾ ਹੋਵੇਗਾ। ਉਹ "ਪ੍ਰਭੂ ਦੇ ਚੇਲਿਆਂ ਦੇ ਦਬਕਾਉਣ ਅਤੇ ਕਤਲ ਕਰਨ ਤੇ ਦਮ ਮਾਰਦਾ" ਆ ਰਿਹਾ ਸੀ (ਰਸੂਲਾਂ ਦੇ ਕਰਤੱਬ 9:1)। ਜਦ ਪ੍ਰਭੂ ਉਸ 'ਤੇ ਪਰਗਟ ਹੋਇਆ ਸੀ ਤਾਂ ਪ੍ਰਭੂ ਨੇ ਉਸ ਤੋਂ ਪੁੱਛਿਆ ਸੀ, "ਹੇ ਸੌਲੁਸ, ਹੇ ਸੌਲੁਸ! ਤੂੰ ਮੈਨੂੰ ਕਿਉਂ ਸਤਾਉਂਦਾ ਹੈਂ?" (ਰਸੂਲਾਂ ਦੇ ਕਰਤੱਬ 9:4)। ਕਿਸੇ ਭਾਈ ਦੇ ਅੰਤਹਰਨ ਨੂੰ ਮਲੀਨ ਕਰਨ ਜਾਂ ਉਸ ਦੇ ਵਿਰੁੱਧ "ਪਾਪ" ਕਰਨ ਦਾ ਅਰਥ ਮਸੀਹ ਦੇ ਵਿਰੁੱਧ ਪਾਪ ਕਰਨਾ ਸੀ। ਜਿਹੜੀ ਗੱਲ ਪ੍ਰਭੂ ਦੀ ਦੇਹੀ ਦਾ ਨਿਰਮਾਣ ਕਰਦੀ ਹੈ ਉਹ ਮਸੀਹ ਦਾ ਸਤਿਕਾਰ ਕਰਦੀ ਹੈ। ਇਸ ਦਾ ਉਲਟ ਵੀ ਸੱਚ ਹੈ।

**ਆਇਤ 13.** ਯਹੋਸ਼ੁਆ ਦੀ ਸੌਂਹ, "ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ" (ਯਹੋਸ਼ੁਆ 24:15), ਦੀ ਤਰਜ਼ 'ਤੇ ਪੌਲੁਸ ਨੇ ਐਲਾਨ ਕੀਤਾ, **ਜੇ ਭੋਜਨ ਮੇਰੇ ਭਾਈ ਨੂੰ ਠੋਕਰ ਖੁਆਵੇ ਤਾਂ ਮੈਂ ਅੰਤ ਸਮੇਂ ਤੀਕ ਕਦੇ ਵੀ ਬਲੀ ਨਹੀਂ ਖਾਵਾਂਗਾ।** ਪੌਲੁਸ ਲਈ ਆਪਣੇ ਅਧਿਕਾਰਾਂ ਦੀ ਮੰਗ ਕਰਨ ਨਾਲੋਂ ਆਪਣੇ "ਭਾਈ ਨੂੰ ਠੋਕਰ" ਨਾ ਖੁਆਣਾ ਵਧੇਰੇ ਮਹੱਤਵਪੂਰਣ ਸੀ, ਫਿਰ ਭਾਵੇਂ ਉਨ੍ਹਾਂ ਅਧਿਕਾਰਾਂ ਨੂੰ ਬਿਹਤਰ ਗਿਆਨ ਦੀ ਦਲੀਲ ਦੇ ਕੇ ਸਹੀ ਹੀ ਕਿਉਂ ਨਾ ਠਹਿਰਾਇਆ ਜਾਂਦਾ। ਉਹ ਚਾਹੁੰਦਾ ਸੀ ਕਿ ਲੋਕ ਉਸ ਦੇ ਆਦਰਸ਼ ਦੀ ਨਕਲ ਕਰਨ। ਪੌਲੁਸ ਨਿੱਜੀ ਜ਼ਿੰਮੇਵਾਰੀ ਚੁੱਕਣ ਲਈ ਤਿਆਰ ਸੀ; ਰਸੂਲ ਅਤੇ ਉਪਦੇਸ਼ਕ ਹੁੰਦਿਆਂ ਉਸ ਨੇ ਆਤਮਕ ਆਗੂ ਹੋਣ ਦੀ ਜ਼ਿੰਮੇਵਾਰੀ ਨੂੰ ਸਵੀਕਾਰ ਕੀਤਾ। ਨਾਲ ਹੀ ਉਸ ਨੇ ਇਹ ਵੀ ਸਿਆਣਿਆ ਕਿ ਹਰੇਕ ਮਸੀਹੀ ਨੂੰ ਇਹ ਫੈਸਲਾ ਲੈਣਾ ਪਵੇਗਾ ਕਿ ਉਹ ਆਪਣਾ ਜੀਵਨ ਕਿਵੇਂ ਬਤੀਤ ਕਰਦਾ ਹੈ।

ਪੌਲੁਸ ਦੇ ਇਸ ਦਿਲੇਰੀ ਭਰੇ ਫੈਸਲੇ ਨੂੰ ਉਸ ਦੇ ਮੰਤਵ ਦੇ ਸੰਦਰਭ ਵਿੱਚ ਸਮਝਿਆ ਜਾਣਾ ਚਾਹੀਦਾ ਹੈ: ਮੂਰਤੀਆਂ ਦੇ ਮੰਦਰਾਂ ਵਿੱਚ ਮਾਸ ਖਾਣਾ ਮੂਰਤੀ ਪੂਜਾ ਹੈ। ਇਹ ਪਾਪ ਹੈ, ਫਿਰ ਭਾਵੇਂ ਕੋਈ ਨਿਰਬਲ ਭਾਈ ਇਸ ਨੂੰ ਵੇਖੇ ਜਾਂ ਨਾ ਵੇਖੇ। ਅਜਿਹਾ ਜਾਪਦਾ ਹੈ ਕਿ ਕੁਰਿੰਥੁਸ ਦੇ ਕੁਝ ਮਸੀਹੀ ਇਹ ਤਰਕ ਦੇ ਰਹੇ ਸਨ ਕਿ ਮੂਰਤੀਆਂ ਦੇ ਮੰਦਰਾਂ ਵਿੱਚ ਮਾਸ ਖਾਣਾ ਛੱਡ ਦੇਣ ਨਾਲ ਉਨ੍ਹਾਂ ਨੂੰ ਬਹੁਤ ਔਖਿਆਈਆਂ ਦਾ ਸਾਹਮਣਾ ਕਰਨਾ ਪਵੇਗਾ। ਉਹ ਤਾਂ ਜਾਣਦੇ ਸਨ ਕਿ ਮੂਰਤੀ ਤਾਂ ਕੁਝ ਹੈ ਹੀ ਨਹੀਂ। ਪੌਲੁਸ ਨੇ ਜਵਾਬ ਵਿੱਚ ਆਖਿਆ ਕਿ ਆਪਣੇ ਮਨ ਵਿੱਚ ਇਹ ਗਿਆਨ ਪ੍ਰਾਪਤ ਕਰਨ ਨਾਲ ਮੂਰਤੀ ਪੂਜਾ ਦੀ ਪਰਿਭਾਸ਼ਾ ਬਦਲ ਨਹੀਂ ਜਾਂਦੀ। ਪੌਲੁਸ ਨੇ ਆਪਣੇ ਤੋਂ ਪਹਿਲਾਂ ਹੋਏ ਨਬੀਆਂ ਵਾਂਗ ਮੂਰਤੀ ਪੂਜਾ ਦੇ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ।

ਜਿਹੜੇ ਲੋਕ ਆਪਣੇ ਅਧਿਕਾਰਾਂ ਦੀ ਮੰਗ ਉੱਤੇ ਅੜੇ ਹੋਏ ਸਨ, ਉਨ੍ਹਾਂ ਲਈ ਪੌਲੁਸ ਨੇ ਆਪਣੀ ਦੂਜੀ ਗੱਲ ਆਖੀ। ਜਿਹੜੇ ਲੋਕ ਆਪਣੇ ਗਿਆਨ ਦੀ ਦਲੀਲ ਦੇ ਕੇ ਮੂਰਤੀਆਂ ਦੇ ਮੰਦਰ ਵਿੱਚ ਮਾਸ ਖਾ ਰਹੇ ਸਨ ਉਹ ਆਪਣੇ ਤੋਂ ਨਿਰਬਲ ਭਾਈਆਂ ਨੂੰ ਮੂਰਤੀ ਪੂਜਕ ਬਣ ਜਾਣ ਦੀ ਹੱਲਾਸ਼ੇਰੀ ਦੇ ਰਹੇ ਸਨ। ਉਨ੍ਹਾਂ ਨੂੰ ਆਪਣੇ ਉਸ "ਨਿਤਾਣੇ" ਭਾਈ ਦੀ ਖਾਤਿਰ, ਜਿਸ ਦੇ ਲਈ ਮਸੀਹ ਮੋਇਆ, ਮੂਰਤੀਆਂ ਦੇ ਤਿਉਹਾਰਾਂ ਵਿੱਚ ਸ਼ਾਮਲ ਹੋਣਾ ਛੱਡ ਦੇਣਾ ਚਾਹੀਦਾ ਹੈ।

ਜਦ ਅਸੀਂ ਮਸੀਹ ਦੀ ਕਲੀਸਿਆ ਦੇ ਰੋਜ਼ਾਨਾ ਦੇ ਜੀਵਨ ਵਿੱਚ ਪੌਲੁਸ ਦੇ ਸੰਦੇਸ਼ ਨੂੰ ਲਾਗੂ ਕਰਨਾ ਚਾਹੁੰਦੇ ਹਾਂ ਤਾਂ ਉਸ ਦੇ ਦੂਹਰੇ ਬਿੰਦੂ ਨੂੰ ਸਮਝਣਾ ਸਾਡੇ ਲਈ ਮਹੱਤਵਪੂਰਣ ਹੈ। ਪੌਲੁਸ ਇਹ ਨਹੀਂ ਆਖ ਰਿਹਾ ਸੀ ਕਿ ਸਭ ਤੋਂ ਵਧ ਨਿਰਬਲ ਮੈਂਬਰ ਸਾਰੀ ਦੇਹੀ ਦੇ ਨੈਤਿਕ ਵਿਹਾਰ ਨੂੰ ਨਿਰਧਾਰਿਤ ਕਰੇਗਾ। ਸਗੋਂ ਉਹ ਇਹ ਆਖ ਰਿਹਾ ਸੀ ਕਿ ਤਕੜੇ

ਮਸੀਹੀਆਂ ਨੂੰ ਨਿਰਬਲ ਮਸੀਹੀ ਦੇ ਅੰਤਹਕਰਨ ਦਾ ਖਿਆਲ ਰੱਖਣ ਦੀ ਲੋੜ ਹੈ।

# ਪ੍ਰਾਸੰਗਿਕਤਾ

### ਗਿਆਨ ਅਤੇ ਸਮਝੌਤਾ

ਪੌਲੁਸ ਲਈ ਮੂਰਤੀ ਪੂਜਾ ਦੇ ਨਾਲ ਸਮਝੌਤਾ ਕਰਨਾ ਅਣਹੋਣਾ ਸੀ। ਮੂਰਤੀ ਪੂਜਕਾਂ ਵਿਚਕਾਰ ਜਾਣਾ, ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਬਲੀ ਕੀਤੇ ਗਏ ਮਾਸ ਨੂੰ ਉਨ੍ਹਾਂ ਦੇ ਨਾਲ ਖਾਣਾ, ਮੂਰਤੀ ਪੂਜਾ ਹੀ ਸੀ। ਗਿਆਨ ਦੀ ਕੋਈ ਵੀ ਦਲੀਲ ਇਸ ਨੂੰ ਬਦਲ ਨਹੀਂ ਸਕਦੀ ਸੀ। ਪ੍ਰਮਾਣਕ ਸੱਚਾਈਆਂ ਨੂੰ ਕਬੂਲ ਕਰਨਾ ਹੀ ਪੈਂਦਾ ਹੈ: ਧਰਤੀ ਸੂਰਜ ਦੇ ਚੁਫੇਰੇ ਘੁੰਮਦੀ ਹੈ। ਕਿਸੇ ਵਸਤੂ ਦੇ ਬਰਾਬਰ ਦੋ ਵਸਤੂਆਂ ਆਪਸ ਵਿੱਚ ਵੀ ਬਰਾਬਰ ਹੁੰਦੀਆਂ ਹਨ। ਇਹ ਉਹ ਸੱਚਾਈਆਂ ਹਨ ਜਿਨ੍ਹਾਂ ਨੂੰ ਸਪੱਸ਼ਟ ਅਤੇ ਪ੍ਰਮਾਣਕ ਕਥਨਾਂ ਵਿੱਚ ਆਖਿਆ ਗਿਆ ਹੈ। ਕੀ ਧਾਰਮਿਕ ਅਤੇ ਨੈਤਿਕ ਕਥਨਾਂ ਨੂੰ ਵੀ ਇਸੇ ਤਰ੍ਹਾਂ ਸਪੱਸ਼ਟ ਤੌਰ ’ਤੇ ਲਿਖਿਆ ਜਾ ਸਕਦਾ ਹੈ? ਜ਼ਿਆਦਾਤਰ ਆਧੁਨਿਕ ਸੰਸਾਰ ਇਸ ਦਾ ਜਵਾਬ “ਨਾ” ਵਿੱਚ ਦੇਵੇਗਾ। ਪੌਲੁਸ ਨੇ ਆਪਣਾ ਉੱਤਰ ਇੱਕ ਜਬਰਦਸਤ “ਹਾਂ” ਵਿੱਚ ਦਿੱਤਾ। ਮੂਰਤੀ ਪੂਜਾ ਗਲਤ ਹੈ – ਬਿਲਕੁਲ ਗਲਤ! ਉਸ ਦੇ ਇਸ ਹੁਕਮ, “ਮੂਰਤੀ ਪੂਜਾ ਤੋਂ ਭੱਜੋ,” ਤੋਂ ਕੋਈ ਵੀ ਦਲੀਲ ਦੇ ਕੇ ਬਚ ਨਹੀਂ ਸਕਦਾ (10:14)।

ਧਰਮ ਅਤੇ ਨੈਤਿਕਤਾ ਵਿੱਚ ਪ੍ਰਮਾਣਕ ਕਥਨ ਉਸ ਵੇਲੇ ਸਹੀ ਹੁੰਦਾ ਹੈ ਜਦ ਪਰਮੇਸ਼ੁਰ ਆਪਣੇ ਇਖਤਿਆਰ ਵਿੱਚ ਉਸ ਸੱਚਾਈ ਨੂੰ ਪਰਵਾਨਗੀ ਦਿੰਦਾ ਹੈ। ਮਨੁੱਖੀ ਗਿਆਨ ਸੀਮਿਤ ਹੈ। ਜਦ ਪਰਮੇਸ਼ੁਰ ਨੇ ਆਪ ਕੁਝ ਆਖਿਆ ਹੈ, ਤਾਂ ਮਨੁੱਖ ਕੋਲ ਉਸ ਦੀ ਆਗਿਆਕਾਰੀ ਕਰਨ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਬਚਦਾ (ਵੇਖੋ ਬਿਵਸਥਾ ਸਾਰ 6:4)।

ਸੰਸਾਰ ਦੇ ਕੋਲ ਇੱਕ ਨੈਤਿਕ ਦਿਸ਼ਾਸੂਚਕ ਉਪਲਬਧ ਹੈ। ਪਤਰਸ ਨੇ ਇਸ ਸੰਬੰਧ ਵਿੱਚ ਨੈਤਿਕ ਅਤੇ ਧਾਰਮਿਕ ਉਪਦੇਸ਼ ਦਿੱਤੇ: ਪਰਮੇਸ਼ੁਰ ਪਵਿੱਤਰ ਹੈ; ਇਸ ਕਰਕੇ ਉਸ ਦੇ ਲੋਕ ਵੀ ਪਵਿੱਤਰ ਰਹਿਣ (ਵੇਖੋ 1 ਪਤਰਸ 1:13-16)। ਪਰਮੇਸ਼ੁਰ ਦੇ ਵਜੂਦ ਤੋਂ, ਮਨੁੱਖੀ ਸੰਸਾਰ ਵਿੱਚ ਉਸ ਦੀ ਭਾਈਵਾਲੀ ਤੋਂ, ਜਾਂ ਫਿਰ ਸਰਿਸ਼ਟੀ ਨਾਲ ਉਸ ਦੇ ਪ੍ਰੇਮ ਤੋਂ ਇਨਕਾਰ ਕਰਨ ਦਾ ਅਰਥ ਹੈ ਮਨੁੱਖਜਾਤੀ ਤੋਂ ਉਸ ਦਾ ਨੈਤਿਕ ਦਿਸ਼ਾਸੂਚਕ ਖੋਹ ਲੈਣਾ। ਨਾਸਤਿਕ ਵਿਅਕਤੀ ਕੋਲ ਆਪਣੇ ਇਸ ਕਥਨ ਦਾ ਸਮਰਥਨ ਕਰਨ ਦਾ ਕੋਈ ਸਾਧਨ ਹੀ ਨਹੀਂ ਹੈ ਕਿ ਚੋਰੀ ਅਤੇ ਹੱਤਿਆ ਗਲਤ ਹਨ। ਵਧ ਤੋਂ ਵਧ ਉਹ ਇਹ ਆਖ ਸਕਦਾ ਹੈ ਕਿ ਉਹ ਅਜਿਹੇ ਸਿਧਾਂਤਾਂ ਦਾ ਸਮਰਥਨ ਕਰਦਾ ਹੈ ਜਿਸ ਵਿੱਚ ਲੋਕ ਕੁਝ ਕੰਮਾਂ ਨੂੰ ਗਲਤ ਠਹਿਰਾਉਂਦੇ ਹਨ। ਪੌਲੁਸ ਮੂਰਤੀ ਪੂਜਾ ਨੂੰ ਇਸ ਕਰਕੇ ਗਲਤ ਠਹਿਰਾ ਸਕਿਆ ਕਿਉਂਕਿ ਬ੍ਰਹਿਮੰਡ ਦੀ ਸਰਿਸ਼ਟੀ ਇੱਕ ਸਰਬਸ਼ਕਤੀਸ਼ਾਲੀ ਪਰਮੇਸ਼ੁਰ ਨੇ ਕੀਤੀ ਹੈ, ਜੋ ਸਹੀ ਅਤੇ ਗਲਤ ਦਾ ਨਿਰਧਾਰਣ ਕਰਦਾ ਹੈ। ਪਰਮੇਸ਼ੁਰ ਦੇ ਕਾਰਨ ਹੀ ਮਨੁੱਖੀ ਜੀਵਨ ਵਿੱਚ ਇੱਕ ਨੈਤਿਕ ਪ੍ਰਣਾਲੀ ਵੇਖੀ ਜਾਂਦੀ ਹੈ। ਧਰਮ ਅਤੇ ਨੈਤਿਕਤਾ ਬਾਰੇ ਪ੍ਰਮਾਣਕ ਸੱਚਾਈਆਂ ਇਸ ਕਰਕੇ ਸੰਭਵ ਹੋ ਸਕੀਆਂ ਹਨ ਕਿਉਂਕਿ ਸਨਾਤਨ ਤੋਂ ਹੋਂਦ ਵਿੱਚ ਰਹਿਣ ਵਾਲਾ ਪਰਮੇਸ਼ੁਰ ਆਪਣੀ ਸਰਿਸ਼ਟੀ ਦੀ ਅਗਵਾਈ ਅਤੇ ਉਸ ਉੱਤੇ ਰਾਜ ਕਰਦਾ ਹੈ।

### ਮਸੀਹੀਆਂ ਲਈ ਚੁਣੌਤੀਆਂ

ਕੁਰਿੰਥੁਸ ਦੇ ਮਸੀਹੀਆਂ ਦੁਆਰਾ ਮੂਰਤੀਆਂ ਦੇ ਮੰਦਰਾਂ ਵਿੱਚ ਭੋਜਨ ਕਰਨ ਦਾ ਮੰਤਵ ਮੂਰਤੀ ਪੂਜਾ ਤੋਂ ਇਲਾਵਾ ਕੁਝ ਹੋਰ ਸੀ। ਉਹ ਆਪਣੇ ਮੂਰਤੀ ਪੂਜਕ ਮਿੱਤਰਾਂ ਦੇ ਨਾਲ ਪ੍ਰੀਤੀ ਭੋਜ ਕਰਨਾ ਚਾਹੁੰਦੇ ਸਨ। ਪੌਲੁਸ ਉਨ੍ਹਾਂ ਦੇ ਤਰਕ ਨੂੰ ਸਮਝ ਗਿਆ ਸੀ। ਕਾਰੋਬਾਰੀਆਂ ਨੇ ਵੀ ਆਪਣਾ ਤਰਕ ਬੜੀ ਤਕੜਾਈ ਨਾਲ ਪੇਸ਼ ਕੀਤਾ ਸੀ ਕਿ ਉਹ ਮੂਰਤੀਆਂ ਦੇ ਮੰਦਰਾਂ ਵਿੱਚ ਮੂਰਤੀਆਂ ਨੂੰ ਬਲੀ ਕੀਤਾ ਗਿਆ ਮਾਸ ਸਿਰਫ ਸਮਾਜਕ ਅਤੇ ਆਰਥਿਕ ਫਾਇਦਿਆਂ ਕਰਕੇ ਖਾ ਰਹੇ ਸਨ। ਪਰ ਪਰਮੇਸ਼ੁਰ ਨੂੰ ਪਿਤਾ ਅਤੇ ਯਿਸੂ ਨੂੰ ਪ੍ਰਭੂ ਮੰਨਣ ਦੇ ਸਮਾਜਕ ਅਤੇ ਆਰਥਿਕ ਨਤੀਜੇ ਤਾਂ ਸਭ ਨੂੰ ਭੋਗਣੇ ਹੀ ਪੈਂਦੇ ਹਨ। ਮਸੀਹ ਵਿੱਚ ਹੋਣ ਦਾ ਅਰਥ ਅੰਤਹਕਨ ਦੇ ਮਸਲਿਆਂ ਵਿੱਚ ਸੰਸਾਰ ਤੋਂ ਵੱਖਰੇ ਹੋ ਜਾਣਾ ਹੈ। ਭਾਵੇਂ ਵਿਸ਼ਵਾਸੀ ਨੂੰ ਭਿਆਣਕ ਸਮਾਜਕ ਅਤੇ ਆਰਥਿਕ ਨਤੀਜਿਆਂ ਦਾ ਹੀ ਸਾਹਮਣਾ ਕਿਉਂ ਨਾ ਕਰਨਾ ਪਵੇ, ਤਾਂ ਵੀ ਉਸ ਨੂੰ ਆਪਣੇ ਸਿਧਾਂਤਾਂ ’ਤੇ ਖੜ੍ਹੇ ਰਹਿਣਾ ਹੈ। ਭਗਤੀਹੀਣਾਂ ਨੇ ਮਸੀਹੀਆਂ ਲਈ ਹਮੇਸ਼ਾ ਔਖਿਆਈਆਂ ਖੜੀਆਂ ਕੀਤੀਆਂ ਹਨ ਕਿ ਉਹ ਪਰਮੇਸ਼ੁਰ ਦੇ ਪ੍ਰਤੀ ਸੱਚੇ ਨਾ ਰਹਿ ਸਕਣ। ਮਸੀਹੀਆਂ ਨੂੰ ਇਸ ਦੀ ਉਮੀਦ ਰੱਖਣੀ ਚਾਹੀਦੀ ਹੈ। ਪੌਲੁਸ ਦੁਆਰਾ ਇਨ੍ਹਾਂ ਭਾਈਆਂ ਦਾ ਸਾਹਮਣਾ ਕਰਨ ਦੇ ਕੇਂਦਰ ਵਿੱਚ ਮੂਰਤੀ ਪੂਜਾ ਸੀ ਅਤੇ ਮਸੀਹ ਦਾ ਇਕਰਾਰ ਕਰਨ ਵਾਲਿਆਂ ਦੇ ਲਈ ਅਜਿਹੀ ਕਿਸੇ ਵੀ ਤਰ੍ਹਾਂ ਦੀ ਰਸਮ ਨੂੰ ਪਰਵਾਨਗੀ ਨਹੀਂ ਦਿੱਤੀ ਜਾ ਸਕਦੀ (ਵੇਖੋ 10:19-21)।

### ਮੂਰਤੀ ਪੂਜਾ ਦੀ ਧੁਨ

ਸਾਡੇ ਮੌਜੂਦਾ ਸੰਸਾਰ ਦੇ ਹਾਲਾਤ ਦੋ ਹਜ਼ਾਰ ਵਰ੍ਹੇ ਪਹਿਲਾਂ ਦੇ ਕੁਰਿੰਥੁਸ ਤੋਂ ਪੂਰੀ ਤਰ੍ਹਾਂ ਵੱਖਰੇ ਹਨ। ਆਧੁਨਿਕ ਮਸੀਹੀ ਮੂਰਤੀ ਪੂਜਾ ਬਾਰੇ ਪੌਲੁਸ ਦੇ ਉਪਦੇਸ਼ ਨੂੰ ਸ਼ਾਇਦ ਇਹ ਆਖ ਕੇ ਰੱਦ ਦੇਣ ਕਿ ਉਨ੍ਹਾਂ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ। ਸਾਡੇ ਵਿੱਚੋਂ ਸ਼ਾਇਦ ਹੀ ਕਿਸੇ ਨੇ ਕਿਸੇ ਮੂਰਤੀ ਦੇ ਮੰਦਰ ਵਿੱਚ ਬੈਠ ਕੇ ਭੋਜਨ ਖਾਣ ਦਾ ਸਮਾਜਕ ਦਬਾਉ ਮਹਿਸੂਸ ਕੀਤਾ ਹੋਵੇ। ਪਰ ਫਿਰ ਵੀ, ਜੇਕਰ ਅਸੀਂ ਗੰਭੀਰਤਾ ਨਾਲ ਜਾਂਚ ਕੇ ਵੇਖੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਅਸੀਂ ਮੂਰਤੀ ਪੂਜਾ ਨੂੰ ਪੂਰੀ ਤਰ੍ਹਾਂ ਨਹੀਂ ਤਿਆਗਿਆ ਹੈ, ਜਿਵੇਂ ਕਿ ਸ਼ਾਇਦ ਅਸੀਂ ਸੋਚਦੇ ਹਾਂ।

ਅੱਜ ਵੀ ਮੂਰਤੀ ਪੂਜਾ ਵੱਖਰੇ-ਵੱਖਰੇ ਰੂਪਾਂ ਵਿੱਚ ਜਾਰੀ ਹੈ। ਜੋਤਸ਼ ਵਿੱਦਿਆ, ਮਨੋਵਿਗਿਆਨ ਨਾਲ ਸੰਬੰਧਤ ਰਸਮਾਂ, ਅਤੇ ਜਾਦੂਗਰੀ ਦੀ ਵਿੱਦਿਆ ਦੀ ਭਰਮਾਰ ਵੇਖੀ ਜਾ ਸਕਦੀ ਹੈ। ਹੱਥ ਦੀਆਂ ਰੇਖਾਵਾਂ ਪੜ੍ਹਣ ਅਤੇ ਕਿਸਮਤ ਦੇ ਪੱਤੇ ਖੋਲ੍ਹਣ ਵਾਲਿਆਂ ਦੀਆਂ ਮਸ਼ਹੂਰੀਆਂ ਹਰ ਪਾਸੇ ਵੇਖੀਆਂ ਜਾ ਸਕਦੀਆਂ ਹਨ। ਇੱਥੋਂ ਤੱਕ ਕਿ ਛੋਟੇ ਜਿਹੇ ਨਗਰ ਵਿੱਚ ਛਪਣ ਵਾਲੇ ਅਖਬਾਰ ਵਿੱਚ ਵੀ ਰਾਸ਼ੀਫਲ ਵੇਖੇ ਜਾ ਸਕਦੇ ਹਨ। ਕੋਈ ਤਾਂ ਹੈ ਜੋ ਇਨ੍ਹਾਂ ਜੋਤਸ਼ੀਆਂ ਦੇ ਕਾਰੋਬਾਰ ਨੂੰ ਅਗਾਂਹ ਵਧਾ ਰਿਹਾ ਹੈ। ਮੂਸਾ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਅਜਿਹੇ ਕੰਮ ਸੁਰਗ ਅਤੇ ਧਰਤੀ ਦੇ ਇੱਕਮਾਤਰ ਪਰਮੇਸ਼ੁਰ ਦੀ ਅਰਾਧਨਾ ਦੇ ਨਾਲ ਸ਼ਾਮਲ ਨਹੀਂ ਕੀਤੇ ਜਾ ਸਕਦੇ (ਬਿਵਸਥਾ ਸਾਰ 18:10, 11)।

ਨਿਸ਼ਚਿਤ ਤੌਰ ’ਤੇ ਪੌਲੁਸ ਨੇ ਇਸ ਦਾਅਵੇ ਦਾ ਪੂਰਾ ਖੰਡਣ ਕਰਨਾ ਸੀ ਕਿ ਇਹ ਤਾਂ ਸਿਰਫ ਮਜ਼ਾ ਲੈਣ ਲਈ ਕੀਤੇ ਜਾਣ ਵਾਲੇ ਕੰਮ ਹਨ, ਉਵੇਂ ਹੀ ਜਿਵੇਂ ਉਸ ਨੇ ਕੁਰਿੰਥੁਸ ਦੇ ਮਸੀਹੀਆਂ ਦੇ ਇਸ ਤਰਕ ਦਾ ਖੰਡਣ ਕੀਤਾ ਸੀ ਕਿ ਮੂਰਤੀ ਪੂਜਾ ਕਾਰੋਬਾਰ ਦੇ ਲਈ

ਵਧੀਆ ਹੈ। ਭਵਿੱਖ ਜਾਂ ਤਾਂ ਪਰਮੇਸ਼ੁਰ ਦੇ ਹੱਥ ਵਿੱਚ ਹੈ ਜਾਂ ਫਿਰ ਇਹ ਤਾਰਿਆਂ ਅਤੇ ਹੱਥ ਦੀਆਂ ਰੇਖਾਵਾਂ ਦੇ ਕਾਬੂ ਵਿੱਚ ਹੈ। ਭਵਿੱਖ ਦੋਵੇਂ ਥਾਂਵਾਂ 'ਤੇ ਨਹੀਂ ਹੋ ਸਕਦਾ। ਪਰਮੇਸ਼ੁਰ ਆਪਣੇ ਪਰਤਾਪ ਜਾਂ ਆਪਣੀ ਪ੍ਰਭੁਸੱਤਾ ਨੂੰ ਤਾਰਿਆਂ, ਹੱਥ ਦੀਆਂ ਰੇਖਾਵਾਂ ਜਾਂ ਜਾਦੂਗਰੀ ਦੀਆਂ ਰਸਮਾਂ ਦੇ ਨਾਲ ਕਦੇ ਨਹੀਂ ਵੰਡਦਾ। ਮੂਰਤੀ ਪੂਜਾ ਖਤਮ ਨਹੀਂ ਹੋਈ ਹੈ। ਜਿਹੜਾ ਵਿਅਕਤੀ ਇਹ ਦਾਅਵਾ ਕਰਦਾ ਹੈ ਕਿ ਰਾਸ਼ੀਫਲ ਨੂੰ ਪੜ੍ਹਣਾ ਜਾਂ ਹੱਥ ਦੀਆਂ ਰੇਖਾਵਾਂ ਪੜ੍ਹਣ ਵਾਲੇ ਜੋਤਸ਼ੀਆਂ ਕੋਲ ਜਾਣਾ ਨੁਕਸਾਨ ਤੋਂ ਰਹਿਤ ਸਿਰਫ ਮਜ਼ੇ ਲਈ ਕੀਤੇ ਜਾਣ ਵਾਲੇ ਕੰਮ ਹਨ, ਉਨ੍ਹਾਂ ਨੂੰ ਇਸ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ, "ਕੀ ਇਹ ਕੰਮ ਸਭਨਾਂ ਲੋਕਾਂ ਲਈ ਨੁਕਸਾਨ ਤੋਂ ਰਹਿਤ ਮਜ਼ੇ ਵਾਲੇ ਕੰਮ ਹਨ? ਕੀ ਇਹ ਵਿਹਾਰ ਕਿਸੇ ਨਿਰਬਲ ਭਾਈ ਨੂੰ ਪਾਪ ਕਰਨ ਲਈ ਹੱਲਾਸ਼ੇਰੀ ਦੇ ਸਕਦਾ ਹੈ?" ਪੌਲੁਸ ਸਿਰਫ ਇਸ ਗੱਲ ਲਈ ਚਿੰਤਤ ਨਹੀਂ ਸੀ ਕਿ ਸਾਡੇ ਕੰਮ ਆਪਣੇ ਆਪ ਵਿੱਚ ਸਹੀ ਹਨ ਜਾਂ ਨਹੀਂ, ਸਗੋਂ ਉਹ ਇਸ ਗੱਲ ਲਈ ਵੀ ਚਿੰਤਤ ਸੀ ਕਿ ਜਿਹੜੇ ਲੋਕ ਸਹੀ ਕੰਮ ਕਰਨ ਲਈ ਮਿਹਨਤ ਕਰ ਰਹੇ ਹਨ, ਕਿਤੇ ਉਹ ਸਾਡਿਆਂ ਗਲਤ ਕੰਮਾਂ ਨੂੰ ਸਹੀ ਮੰਨ ਕੇ ਆਪ ਵੀ ਕਰਨ ਨਾ ਲੱਗ ਪੈਣ।

ਸਿੱਧੀ ਮੂਰਤੀ ਪੂਜਾ ਦੇ ਨਾਲ-ਨਾਲ ਮਸੀਹੀ ਲੋਕ ਆਪਣੀਆਂ ਚਿੰਤਾਵਾਂ ਅਤੇ ਫਾਇਦਿਆਂ ਦੀ ਖਾਤਰ ਪਰਮੇਸ਼ੁਰ ਨੂੰ ਨੀਵਾਂ ਕਰਕੇ ਵੀ ਆਪਣੀ ਨਿਹਚਾ ਨਾਲ ਸਮਝੌਤਾ ਕਰ ਸਕਦੇ ਹਨ। ਅਸਲ ਵਿੱਚ ਸਾਡੇ ਜੀਵਨ ਵਿੱਚ ਜਿਹੜੀ ਵੀ ਗੱਲ ਸਾਡੇ ਲਈ ਪਰਮੇਸ਼ੁਰ ਦੇ ਪਰਤਾਪ ਨਾਲੋਂ ਵਧੇਰੇ ਥਾਂ ਲੈਂਦੀ ਹੈ ਜਾਂ ਮਹੱਤਵਪੂਰਣ ਹੈ ਉਹ ਸਾਡੇ ਲਈ ਮੂਰਤੀ ਬਣ ਗਈ ਹੈ। ਪੌਲੁਸ ਇਹ ਚਿਤਾਉਣੀ ਦਿੰਦਿਆਂ ਝਿਝਕਿਆ ਨਹੀਂ ਕਿ "ਲੋਭ, ਮੂਰਤੀ ਪੂਜਾ ਹੈ" (ਕੁਲੁੱਸੀਆਂ 3:5)। ਇਸ ਸਿਧਾਂਤ ਨੂੰ ਅਧਾਰ ਮੰਨ ਕੇ ਅਸੀਂ ਆਖ ਸਕਦੇ ਹਾਂ ਕਿ ਸਾਡਾ ਪਰਿਵਾਰ, ਸੰਪਤੀ, ਪ੍ਰਸਿੱਧੀ, ਹੁਨਰ, ਖੇਡ ਦੀ ਟੀਮ, ਰੋਮਾਂਚ, ਜਾਂ ਹੋਰ ਅਨੇਕਾਂ ਵਸਤਾਂ ਸਾਡੇ ਲਈ ਮੂਰਤੀ ਬਣ ਸਕਦੀਆਂ ਹਨ। ਸਿਧਾਂਤ ਇਹ ਹੈ ਕਿ ਕਿਸੇ ਵੀ ਵਸਤੂ ਨੂੰ ਪਰਮੇਸ਼ੁਰ ਅਤੇ ਉਸ ਦੇ ਪਰਤਾਪ ਤੋਂ ਉੱਤੇ ਦਾ ਦਰਜਾ ਦੇਣਾ ਗਲਤ ਹੈ; ਪਰ ਇਸ ਤੋਂ ਵੀ ਵਧ ਕੇ ਗਲਤ ਇਹ ਹੈ ਕਿ ਕਿਸੇ ਨੂੰ ਅਜਿਹਾ ਕਰਦਿਆਂ ਵੇਖ ਕੇ ਦੂਜੇ ਲੋਕ ਵੀ ਅਜਿਹਾ ਕਰਨ ਦੇ ਪ੍ਰਭਾਵ ਹੇਠ ਆ ਜਾਣ। ਭਾਵੇਂ ਕੋਈ ਵਿਅਕਤੀ ਇਹ ਕਿਉਂ ਨਾ ਮੰਨਦਾ ਹੋਵੇ ਕਿ ਉਸ ਦੇ ਜੀਵਨ ਦਿਆਂ ਪ੍ਰੇਮਾਂ ਦੇ ਪ੍ਰਤੀ ਉਸ ਦਾ ਨਜ਼ਰੀਆਂ ਸਹੀ ਹੈ, ਤਾਂ ਵੀ ਉਸ ਦਾ ਵਿਹਾਰ ਉਨ੍ਹਾਂ ਲੋਕਾਂ ਨੂੰ ਗਲਤ ਰਾਹੇ ਪਾ ਸਕਦਾ ਹੈ ਜਿਨ੍ਹਾਂ ਦੀ ਆਤਮਕ ਸਮਝ ਉਸ ਨਾਲੋਂ ਨਿਰਬਲ ਹੈ।

---

ਟਿੱਪਣੀਆਂ

[1]ਐਵਰੇੱਟ ਫਰਗੁਸਨ, *ਬੈਕਗ੍ਰਾਉਂਡਸ ਆਫ ਅਰਲੀ ਕ੍ਰਿਸ਼ਚਿਐਨਿਟੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987), 110. [2]ਸੀ. ਐੱਲ. ਥੋਮਪਸਨ ਨੇ ਮੂਰਤੀਪੂਜਕ ਮੰਦਰਾਂ ਵਿੱਚ ਭੋਜਨ ਖਾਣ ਦੀਆਂ ਸੁਵਿਧਾਵਾਂ ਦੇ ਪੁਰਾਤੱਤਵ ਪ੍ਰਮਾਣਾਂ ਬਾਰੇ ਗੱਲ ਕੀਤੀ। (ਸੀ. ਐੱਲ. ਥੋਮਪਸਨ, "ਕੋਰਿੰਥ," *ਦਿ ਇੰਟਰਪ੍ਰੇਟਰਜ਼ ਡਿਕਸ਼ਨਰੀ ਆਫ ਦਿ ਬਾਈਬਲ*, ਸਪਲਿਮੈਂਟ੍ਰੀ ਵਾਲਯੂਮ, ਸੰਪਾਦਕ ਕੀਥ ਕ੍ਰਿਮ [ਨੈਸ਼ਵਿਲ: ਅਬਿੰਗਡਨ ਪ੍ਰੈਸ, 1962], 180 ਵਿੱਚ।) [3]ਇਹ ਗਿਆਨ ਨੌਸਟਿਕ ਸਿਧਾਂਤਾਂ ਦੇ ਨਾਲ ਸੰਬੰਧਤ ਨਹੀਂ ਸੀ, ਜਿਸ ਨੇ ਅੱਗੇ ਚੱਲ ਕੇ ਕਲੀਸਿਆ ਨੂੰ ਸੰਕ੍ਰਮਿਤ ਕਰ ਦਿੱਤਾ ਸੀ (ਵੇਖੋ, ਉਦਾਹਰਣ ਵਜੋਂ, 1 ਤਿਮੋਥਿਉਸ 6:20; 2 ਯੂਹੰਨਾ 7)। ਨੌਸਟਿਸਿਜ਼ਮ ਧਾਰਮਿਕ ਅਤੇ ਫਿਲੋਸੋਫਿਕਲ ਮਾਨਤਾਵਾਂ ਦਾ ਮਿਸ਼ਰਣ ਸੀ ਜਿਸ ਨੇ ਅਰੰਭਕ ਕਲੀਸਿਆ ਵਿੱਚੋਂ ਵੀ ਕੁਝ ਧਾਰਣਾਵਾਂ ਨੂੰ ਲੈ ਲਿਆ ਸੀ। ਇਸ ਵਿੱਚ ਦਵੈਤਵਾਦ ਦੀਆਂ ਵਿਸ਼ੇਸ਼ਤਾਵਾਂ ਮਿਲਦੀਆਂ ਸਨ, ਜੋ ਹੋਂਦ ਦਾ ਅਭੌਤਿਕ ਅੰਸ਼ ਹੈ। ਨੌਸਟਿਕ ਮਾਨਤਾ ਦੇ ਅਨੁਸਾਰ ਪਦਾਰਥ ਵਿੱਚ, ਜਿਸ ਵਿੱਚ ਮਨੁੱਖੀ ਦੇਹੀ ਵੀ

ਸ਼ਾਮਲ ਹੈ, ਦੁਸ਼ਟਤਾ ਦਾ ਵਾਸ ਹੈ। ਕਿਉਂਕਿ ਨੌਸਟਿਕਵਾਦੀ ਪਦਾਰਥ ਨੂੰ ਦੁਸ਼ਟ ਮੰਨਦੇ ਹਨ, ਇਸ ਕਰਕੇ ਉਹ ਇਹ ਵਿਸ਼ਵਾਸ ਨਹੀਂ ਕਰਦੇ ਕਿ ਯਿਸੂ ਨੇ ਦੇਹਧਾਰਣ ਕੀਤਾ ਹੋਵੇਗਾ। ਉਹ ਆਖਦੇ ਹਨ ਕਿ ਉਹ ਭੌਤਿਕ ਪ੍ਰਤੀਤ ਹੁੰਦਾ ਸੀ। ਇਸ ਮਾਨਤਾ ਨੂੰ "ਡੋਕੇਟਿਸਮ" ਆਖਿਆ ਜਾਂਦਾ ਹੈ ਜਿਸ ਦੇ ਯੂਨਾਨੀ ਸ਼ਬਦ ਦਾ ਅਰਥ ਹੈ "ਪ੍ਰਤੀਤ ਹੋਣਾ।" [4]ਡੇਵਿਡ ਈ. ਗਾਰਲੈਂਡ, *1 ਕੁਰਿੰਥੀਅਨਜ਼,* ਬੇਕਰ ਐਕਸਿਜਿਟਿਕਲ ਕੰਮੈਂਟ੍ਰੀ ਆਨ ਦਿ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਅਕੈਡੇਮਿਕ, 2003), 355. [5]ਵਿਲਿਅਮ ਕੋਪਰ, "ਵਿੰਟਰ ਵਾਕ ਐਟ ਨੂਨ," *ਦਿ ਪੋਇਮਸ ਆਫ ਵਿਲਿਅਮ ਕੋਪਰ,* ਜਿਲਦ 2 (ਸ਼ਿਸਵਿਕ: ਸੀ. ਵਿਟਿੰਗਮ, 1817), 139 ਵਿੱਚ। [6]ਇਹ ਕਥਨ ਹਰਬਰਟ ਫੇਗਲ, *ਅਮੇਰਿਕਨ ਸਾਇਕੋਲੋਜਿਸਟ* 14 (ਮਾਰਚ 1959): 115-28 ਵਿੱਚ ਮਨੋਵਿਗਿਆਨ ਦੇ ਸੰਦਰਭ ਵਿੱਚ ਆਖਿਆ ਗਿਆ ਸੀ। [7]ਆਖਰੀ ਸ਼ਬਦ 10:28 ਵਿੱਚ ਇਸਤੇਮਾਲ ਕੀਤਾ ਗਿਆ ਹੈ। ਹਾਲਾਂਕਿ NASB ਦੋਹਾਂ ਸ਼ਬਦਾਂ ਦਾ ਅਨੁਵਾਦ "ਮੂਰਤੀਆਂ ਅੱਗੇ ਬਲੀ" ਵਜੋਂ ਕਰਦੀ ਹੈ, ਪਰ ਦੋਹਾਂ ਯੂਨਾਨੀ ਸ਼ਬਦਾਂ ਦਾ ਅਰਥ ਇੱਕ ਧਾਰਮਿਕ ਗੈਰਮਸੀਹੀ ਦੇ ਲਈ ਪੂਰੀ ਤਰ੍ਹਾਂ ਵੱਖਰਾ ਰਿਹਾ ਹੋਵੇਗਾ। [8]ਜੋਸੇਫਸ *ਅਗੇਂਸਟ ਏਪੀਅਨ* 2.23 [191]. [9]*ਏਨੁਮਾ ਏਲੀਸ਼,* ਇੱਕ ਅਕਾਦਿਅਨ ਸਾਹਿਤ ਜਿਸ ਨੂੰ "ਦਿ ਕ੍ਰਿਏਸ਼ਨ ਏਪਿਕ" ਵੀ ਕਿਹਾ ਜਾਂਦਾ ਹੈ। ਇਸ ਨੂੰ ਜੇਮਸ ਬੀ. ਪਿਚਰਡ, ਸੰਪਾਦਕ *ਏਨਸ਼ਿਅੰਟ ਨਿਅਰ ਈਸਟ ਟੈਕਸਟਸ ਰਿਲੇਟਿੰਗ ਟੂ ਦਿ ਓਲਡ ਟੈਸਟਾਮੈਂਟ,* ਤੀਜਾ ਸੰਸਕਰਨ (ਪ੍ਰਿੰਸਟਨ: ਪ੍ਰਿੰਸਟਨ ਯੂਨਿਵਰਸਿਟੀ ਪ੍ਰੈਸ, 1969), 60-99 ਵਿੱਚ ਸ਼ਾਮਲ ਕੀਤਾ ਗਿਆ ਹੈ। [10]ਵੱਖਰੇ-ਵੱਖਰੇ ਲੇਖਕ ਵੱਖਰੇ-ਵੱਖਰੇ ਲੇਖਾਂ ਵਿੱਚ "ਇਸਤਰੀ ਰੂਪੀ ਬੁੱਧੀ" ਨੂੰ ਵੇਖਦੇ ਹਨ। ਵਿਰਲਾਪ ਗੀਤ ਵਿੱਚ ਉਹੀ ਹੈ ਜੋ ਗਲੀਆਂ ਵਿੱਚ ਉੱਚੀ ਅਵਾਜ਼ ਨਾਲ ਪੁਕਾਰਦੀ ਹੈ (1:15, 16)। ਅਪੋਕ੍ਰਿਫਾ ਦੇ ਬੁੱਧ ਸਾਹਿਤ ਵਿੱਚ ਵੀ ਬੁੱਧੀ ਨੂੰ ਇੱਕ ਇਸਤਰੀ ਵਾਂਗ ਦਰਸਾਇਆ ਗਿਆ ਹੈ ਜੋ ਆਪਣੇ ਬੱਚਿਆਂ ਨੂੰ ਸਿਖਾਉਣ ਦਾ ਜਤਨ ਕਰਦੀ ਹੈ। ਬੁੱਧੀ ਆਖਦੀ ਹੈ, "ਮੈਂ ਸਰਬਉੱਚ ਦੇ ਮੂੰਹੋਂ ਨਿਕਲੀ ਅਤੇ ਤਰੇਲ ਵਾਂਗ ਸਾਰੀ ਧਰਤੀ ਉੱਤੇ ਛਾ ਗਈ" (ਸਾਇਰਾਕ 24:3; NAB); "ਹਾਂ, ਉਹ [ਧਰਤੀ ਦੇ ਜਾਂ ਸੁਰਗਾਂ ਦੇ] ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਸ਼ਕਤੀ ਨਾਲ ਜਾਂਦੀ ਹੈ ਅਤੇ ਸਭਨਾਂ ਵਸਤਾਂ ਉੱਤੇ ਚੰਗਾ ਰਾਜ ਕਰਦੀ ਹੈ" (ਬੁੱਧੀ 8:1; NAB)।

[11]NLT ਇਸ ਆਇਤ ਨੂੰ ਇਸ ਤਰ੍ਹਾਂ ਲਿਖਦਾ ਹੈ, "ਕੁਝ ਲੋਕਾਂ ਦੀ ਸੋਚ ਇਹ ਹੈ ਕਿ ਮੂਰਤੀਆਂ ਅਸਲ ਹੁੰਦੀਆਂ ਹਨ, ਇਸ ਕਰਕੇ ਜਦ ਉਹ ਮੂਰਤੀਆਂ ਨੂੰ ਭੇਟ ਕੀਤਾ ਗਿਆ ਭੋਜਨ ਖਾ ਲੈਂਦੇ ਹਨ ਤਾਂ ਉਹ ਇਸ ਨੂੰ ਅਸਲ ਦੇਵਤਿਆਂ ਦੀ ਪੂਜਾ ਮੰਨਣ ਲੱਗ ਪੈਂਦੇ ਹਨ, ਅਤੇ ਉਨ੍ਹਾਂ ਦਾ ਨਿਰਬਲ ਅੰਤਹਕਰਨ ਮਲੀਨ ਹੋ ਜਾਂਦਾ ਹੈ।" [12]ਵਾਲਟਰ ਬਾਵਰ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚਿਅਨ ਲਿਟਰੇਚਰ*, ਤੀਜਾ ਸੰਸਕਰਨ, ਸੋਧ ਅਤੇ ਸੰਪਾਦਨ, ਫ੍ਰੈਡਰਿਕ ਡਬਲਿਯੂ. ਡੈਂਕਰ (ਸ਼ਿਕਾਗੋ: ਯੂਨਿਵਰਸਿਟੀ ਆਫ ਸ਼ਿਕਾਗੋ ਪ੍ਰੈਸ, 2000), 967. [13]ਬ੍ਰੂਸ ਜੇ. ਮਾਲਿਨਾ ਐਂਡ ਜੇਰੋਮ ਐੱਚ. ਨੇਰੇਯ, *ਪੋਰਟ੍ਰੇਟਸ ਆਫ ਪੌਲ: ਐਨ ਆਰਕੇਓਲੋਜੀ ਆਫ ਏਨਸ਼ਿਅੰਟ ਪਰਸਨੈਲਿਟੀ* (ਲੁਈਵਿਲ: ਵੈਸਟਮਿੰਸਟਰ ਜੌਨ ਨੌਕਸ ਪ੍ਰੈਸ, 1996), 184. [14]ਜੇਰੋਮ ਮਰਫੀ-ਓਕੋਨਰ, *ਸੇਂਟ ਪੌਲਜ਼ ਕੋਰਿੰਥ: ਟੈਕਸਟਸ ਐਂਡ ਆਰਕੇਓਲੋਜੀ,* ਤੀਜਾ ਸੋਧਿਆ ਅਤੇ ਐਕਪੈਡ ਸੰਸਕਰਨ (ਕਾਲੇਜਵਿਲ, ਮਿਨਿਸੋਟਾ: ਲਿਟਰਜੀਕਲ ਪ੍ਰੈਸ, 2002), 186.